# ਯੂਰਪ ’ਚ ਆਇਆ ਨਵਾਂ ਚੀਨੀ ਵਾਇਰਸ, ਮਚਿਆ ਹੰਗਾਮਾ

ਪੰਨਾ 1 ਦਾ ਬਾਕੀ

ਇਸ ਨਵੇਂ ਚੀਨੀ ਵਾਇਰਸ ਵਿੱਚ ਨਿਮੋਨੀਆ ਵਰਗੇ ਲੱਛਣ ਪਾਏ ਗਏ ਹਨ। ਇਹ ਨਿਮੋਨੀਆ ਬੱਚਿਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਬ੍ਰਿਟਿਸ਼ ਵਿਗਿਆਨੀਆਂ ਮੁਤਾਬਕ ਇਸ ਨਵੇਂ ਚੀਨੀ ਵਾਇਰਸ ਕਾਰਨ ਕਈ ਥਾਵਾਂ 'ਤੇ ਹਸਪਤਾਲਾਂ 'ਚ ਬਿਮਾਰ ਬੱਚਿਆਂ ਦੀ ਗਿਣਤੀ 'ਚ ਭਾਰੀ ਵਾਧਾ ਹੋਇਆ ਹੈ।



ਚੀਨ ਵਿੱਚ ਹਾਲ ਹੀ ਵਿੱਚ ਇੱਕ ਹੋਰ ਚੀਨੀ ਵਾਇਰਸ ਹੋਂਦ ਵਿੱਚ ਆਇਆ ਹੈ। ਚੀਨ ਵਿੱਚ ਬੱਚਿਆਂ ਨੂੰ ਬਿਮਾਰ ਕਰਨ ਤੋਂ ਬਾਅਦ, ਨਿਮੋਨੀਆ ਦੇ ਲੱਛਣਾਂ ਵਾਲਾ ਇੱਕ ਨਵਾਂ ਵਾਇਰਸ ਯੂਰਪ ਵਿੱਚ ਵੀ ਆ ਗਿਆ ਹੈ। ਇਸ ਦੌਰਾਨ, ਯੂਕੇ ਮੈਡੀਕਲ ਸਾਇੰਸ ਅਤੇ ਚੈਸਟਰ ਮੈਡੀਕਲ ਸਕੂਲ ਦੇ ਪ੍ਰੋਗਰਾਮ ਲੀਡ, ਡਾਕਟਰ ਗੈਰੇਥ ਨੀ ਨੇ ਕਿਹਾ, ਇਹ ਕੋਵਿਡ -19 ਵਰਗੀ ਕੋਈ ਨਵੀਂ ਬਿਮਾਰੀ ਨਹੀਂ ਹੈ, ਪਰ ਇਹ ਇੱਕ ਹੋਰ ਕੋਵਿਡ ਵਾਇਰਸ ਹੋ ਸਕਦਾ ਹੈ। ਇੱਕ ਬ੍ਰਿਟਿਸ਼ ਵਿਗਿਆਨੀ ਦੇ ਅਨੁਸਾਰ, ਇਸ ਵਾਇਰਸ ਕਾਰਨ ਹਸਪਤਾਲਾਂ ਵਿੱਚ ਬਿਮਾਰ ਬੱਚਿਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ, ਹਾਲਾਂਕਿ ਫਿਲਹਾਲ ਇਸ ਬਿਮਾਰੀ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ।

# ਹਮਾਸ ਦੀ ਚਿਤਾਵਨੀ ਦੇ ਬਾਵਜੂਦ ਗਾਜ਼ਾ ’ਚ ਹਮਲੇ ਜਾਰੀ, ਇਜ਼ਰਾਇਲੀ ਫੌਜ ਨੇ ਦਾਗੇ ਰਾਕੇਟ

ਜੈਰੁਸ਼ਲਮ, 11 ਦਸੰਬਰ (ਪੋਸਟ ਬਿਊਰੋ): ਇਜ਼ਰਾਈਲ ਨੇ ਹਮਾਸ ਦੀ ਚੇਤਾਵਨੀ ਤੋਂ ਬਾਅਦ ਸੋਮਵਾਰ ਨੂੰ ਦੱਖਣੀ ਗਾਜ਼ਾ ਦੇ ਮੁੱਖ ਸ਼ਹਿਰ 'ਤੇ ਆਪਣਾ ਹਮਲਾ ਜਾਰੀ ਰੱਖਿਆ। ਦਰਅਸਲ, ਹਮਾਸ ਨੇ ਕਿਹਾ ਸੀ ਕਿ ਕੋਈ ਵੀ ਇਜ਼ਰਾਈਲੀ ਬੰਧਕ ਉਦੋਂ ਤੱਕ ਖੇਤਰ ਤੋਂ ਜ਼ਿੰਦਾ ਨਹੀਂ ਜਾਵੇਗਾ, ਜਦੋਂ ਤੱਕ ਕੈਦੀਆਂ ਦੀ ਰਿਹਾਈ ਦੀ ਉਸਦੀ ਮੰਗ ਪੂਰੀ ਨਹੀਂ ਕੀਤੀ ਜਾਂਦੀ। ਹਮਾਸ ਨੇ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਲਾ ਕੀਤਾ ਸੀ। ਇਸ ਦੌਰਾਨ ਉਨ੍ਹਾਂ ਨੇ ਗਾਜ਼ਾ ਦੇ ਕਰੀਬ 240 ਲੋਕਾਂ ਨੂੰ ਬੰਧਕ ਬਣਾ ਲਿਆ।



ਇਜ਼ਰਾਈਲ ਨੇ ਵੀ ਹਮਾਸ ਦੇ ਹਮਲੇ ਦਾ ਫੌਜੀ ਹਮਲੇ ਨਾਲ ਜਵਾਬੀ ਕਾਰਵਾਈ ਕੀਤੀ ਹੈ। ਇਜ਼ਰਾਈਲ ਦੇ ਲਗਾਤਾਰ ਹਮਲਿਆਂ ਕਾਰਨ ਗਾਜ਼ਾ ਪੱਟੀ ਖੰਡਰ ਵਿੱਚ ਬਦਲ ਗਈ ਹੈ। ਇਸ ਹਮਲੇ ਵਿੱਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਮਾਰੇ ਗਏ ਸਨ। ਫਲਸਤੀਨੀ ਇਸਲਾਮਿਕ ਜੇਹਾਦ ਦੇ ਅੱਤਵਾਦੀਆਂ ਨੇ ਕਿਹਾ ਕਿ ਉਨ੍ਹਾਂ ਨੇ ਇਕ ਘਰ ਨੂੰ ਉਡਾ ਦਿੱਤਾ ਜਿੱਥੇ ਇਜ਼ਰਾਈਲੀ ਸੈਨਿਕ ਸੁਰੰਗ ਦੀ ਭਾਲ ਕਰ ਰਹੇ ਸਨ।

ਹਮਾਸ ਨੇ ਐਤਵਾਰ ਨੂੰ ਚੇਤਾਵਨੀ ਦਿੱਤੀ ਕਿ ਇਜ਼ਰਾਈਲ ਬਿਨਾਂ ਕਿਸੇ ਅਦਲਾ-ਬਦਲੀ ਦੇ ਬੰਧਕਾਂ ਨੂੰ ਜ਼ਿੰਦਾ ਨਹੀਂ ਲੈ ਸਕਦਾ। ਇਸ ਚੇਤਾਵਨੀ ਦੇ ਬਾਵਜੂਦ ਇਜ਼ਰਾਇਲੀ ਫੌਜ ਨੇ ਸੋਮਵਾਰ ਨੂੰ ਗਾਜ਼ਾ ਵਿਚ ਰਾਕੇਟ ਦਾਗੇ। ਇਜ਼ਰਾਈਲ ਦਾ ਕਹਿਣਾ ਹੈ ਕਿ ਕਰੀਬ 137 ਬੰਧਕ ਅਜੇ ਵੀ ਹਮਾਸ ਦੀ ਹਿਰਾਸਤ ਵਿਚ ਹਨ। ਇਸ ਦੇ ਨਾਲ ਹੀ ਕਾਰਕੁਨਾਂ ਦਾ ਮੰਨਣਾ ਹੈ ਕਿ ਇਜ਼ਰਾਈਲ ਦੀਆਂ ਜੇਲ੍ਹਾਂ ਵਿੱਚ ਕਰੀਬ 7000 ਫਲਸਤੀਨੀ ਬੰਦ ਹਨ। ਸੰਯੁਕਤ ਰਾਸ਼ਟਰ ਦਾ ਅੰਦਾਜ਼ਾ ਹੈ ਕਿ ਗਾਜ਼ਾ ਦੇ 2.4 ਮਿਲੀਅਨ ਲੋਕਾਂ ਵਿੱਚੋਂ 1.9 ਮਿਲੀਅਨ ਆਪਣੇ ਘਰਾਂ ਤੋਂ ਬੇਘਰ ਹੋ ਗਏ ਹਨ, ਜਿਨ੍ਹਾਂ ਵਿੱਚੋਂ ਅੱਧੇ ਬੱਚੇ ਹਨ।

## ਅੱਜ ਨਾਮਾ >>

ਹਾਦਸੇ ਪੰਜ ਹੋ ਗਏ ਚੌਵੀ ਘੰਟਿਆਂ ਵਿੱਚ,
ਮੌਤਾਂ ਤਿੰਨ ਕਿਧਰੇ, ਕਿਸੇ ਥਾਂ ਚਾਰ ਭਾਈ।
ਆਇਆ ਬਾਈਕ ਵਾਲਾ ਕਿਤੇ ਬੱਸ ਹੇਠਾਂ,
ਕਿਧਰੇ ਬੰਪਰ ਸੀ ਕੁਚਲ’ਤੀ ਕਾਰ ਭਾਈ।
ਟੈਂਕਰ ਵਾਲਾ ਸੀ ਨਸ਼ੇ ਵਿੱਚ ਟੁੰਨ ਬਾਹਲਾ,
ਸੜਕੋਂ ਦਿੱਤਾ ਫਿਰ ਟੈਂਕਰ ਉਤਾਰ ਭਾਈ।
ਝੁੱਗੀਆਂ ਵਿੱਚ ਸੀ ਜਿਹੜੇ ਮਜ਼ਦੂਰ ਸੁੱਤੇ,
ਦਿੱਤੇ ਗਰੀਬ ਉਹ ਕੁਚਲ ਕੇ ਮਾਰ ਭਾਈ।
ਇੱਕ ਤਾਂ ਧੁੰਦ ਨਾ ਪੇਸ਼ ਬਈ ਜਾਣ ਦਿੰਦੀ,
ਉੱਪਰੋਂ ਕਾਹਲੀ ਵੀਜਾਨ ਸੁਕਾਈ ਭਾਈ।
ਪਹਿਲ ਜਾਨ ਤੋਂ ਵਕਤ ਦੀ ਗਿਣਨ ਸਾਰੇ,
ਕਰਿਆ ਵਕਤ ਨੇ ਜਗਤ ਸੁਦਾਈ ਭਾਈ।

**ਤੀਸ ਮਾਰ ਖਾਂ**

# ਪਟਨਾ ’ਚ ਦਿਨ ਦਿਹਾੜੇ ਵਿਦਿਆਰਥਣ ਦੀ ਗੋਲੀ ਮਾਰ ਕੇ ਹੱਤਿਆ

ਪਟਨਾ, 11 ਦਸੰਬਰ (ਪੋਸਟ ਬਿਊਰੋ): ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਅਪਰਾਧੀਆਂ ਦਾ ਮਨੋਬਲ ਵਧਦਾ ਜਾ ਰਿਹਾ ਹੈ। ਇੱਥੇ ਮਸੌਰੀ ਵਿੱਚ ਸੋਮਵਾਰ ਸਵੇਰੇ ਕੋਚਿੰਗ ਪੜ੍ਹਨ ਜਾ ਰਹੀ ਇੱਕ ਵਿਦਿਆਰਥਣ ਦੀ ਦਿਨ ਦਿਹਾੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਬੇਖੌਫ ਬਦਮਾਸ਼ਾਂ ਨੇ ਥਾਣੇ ਤੋਂ ਮਹਿਜ਼ 700 ਮੀਟਰ ਦੀ ਦੂਰੀ 'ਤੇ ਕਤਲ ਦੀ ਇਸ ਘਟਨਾ ਨੂੰ ਅੰਜਾਮ ਦਿੱਤਾ। ਕਤਲ ਦੀ ਇਹ ਘਟਨਾ ਪਟਨਾ ਦੇ ਮਸੌਰੀ ਸਥਿਤ ਮਾਨੀਚਕ ਮੋੜ ਨੇੜੇ ਵਾਪਰੀ ਹੈ। ਗੋਲੀ ਵਿਦਿਆਰਥਣ ਦੇ ਕਨਪਟੀ 'ਚ ਲੱਗੀ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।



ਮ੍ਰਿਤਕ ਵਿਦਿਆਰਥੀ ਦੀ ਪਛਾਣ ਅਨਾਮਿਕਾ 17 ਸਾਲਾ ਪੁੱਤਰੀ ਕਮਲੇਸ਼ ਕੁਮਾਰ ਵਾਸੀ ਨਦਵਾਂ ਛਪੌਰ, ਕਾਜੀਚੱਕ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਅਨਾਮਿਕਾ ਹਰ ਰੋਜ਼ ਆਪਣੇ ਪਿੰਡ ਤੋਂ ਮਸੌਰੀ ਪੜ੍ਹਨ ਲਈ ਜਾਂਦੀ ਸੀ। ਸੋਮਵਾਰ ਨੂੰ ਵੀ ਉਹ ਪੜ੍ਹਾਈ ਲਈ ਕੋਚਿੰਗ ਜਾ ਰਹੀ ਸੀ। ਇਸ ਦੌਰਾਨ ਰਸਤੇ 'ਚ ਬਦਮਾਸ਼ਾਂ ਨੇ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਗੋਲੀ ਲੱਗਣ ਦੀ ਸੂਚਨਾ ਮਿਲਣ 'ਤੇ ਪਟਨਾ ਦੀ ਮਸੋਧੀ ਪੁਲਿਸ ਵੀ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਤੁਰੰਤ ਲਾਸ਼ ਨੂੰ ਕਬਜ਼ੇ 'ਚ ਲੈ ਕੇ ਸਬ-ਡਵੀਜ਼ਨਲ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਵਿਦਿਆਰਥੀ ਨੂੰ ਮ੍ਰਿਤਕ ਐਲਾਨ ਦਿੱਤਾ। ਕਤਲ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

# ਪੁਲਸ ਨੇ ਮੇਰਠ ਵਿੱਚ ਮਾਫੀਆ ਅਤੀਕ ਅਹਿਮਦ ਦੀ ਭੈਣ ਦੇ ਘਰ ਨੂੰ ਕੀਤਾ ਕੁਰਕ

ਮੇਰਠ, 11 ਦਸੰਬਰ (ਪੋਸਟ ਬਿਊਰੋ): ਪੁਲਸ ਨੇ ਮਾਫੀਆ ਤੋਂ ਸਿਆਸਤਦਾਨ ਬਣੇ ਅਤੀਕ ਅਹਿਮਦ ਦੀ ਭੈਣ ਅਖਲਾਕ ਅਤੇ ਉਸ ਦੇ ਪਤੀ ਦੇ ਘਰ ਨੂੰ ਕੁਰਕ ਕਰ ਲਿਆ ਹੈ। ਇਕ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਅਖਲਾਕ ਅਤੇ ਉਸਦੀ ਪਤਨੀ ਨੂਰੀ ਫਰਵਰੀ ਵਿੱਚ ਪ੍ਰਯਾਗਰਾਜ ਵਿੱਚ ਹੋਏ ਉਮੇਸ਼ ਪਾਲ ਕਤਲ ਕੇਸ ਵਿੱਚ ਸਹਿ-ਮੁਲਜ਼ਮ ਹਨ। 2005 ਦੇ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਵਿਧਾਇਕ ਰਾਜੂ ਪਾਲ ਕਤਲ ਕੇਸ ਦੇ ਮੁੱਖ ਗਵਾਹ ਪਾਲ ਦੀ 24 ਫਰਵਰੀ ਨੂੰ ਪ੍ਰਯਾਗਰਾਜ ਵਿੱਚ ਦਿਨ ਦਿਹਾੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।



ਪਾਲ ਦੇ ਕਤਲ ਤੋਂ ਬਾਅਦ ਪੁਲਸ ਨੇ ਉਸ ਦੀ ਪਤਨੀ ਦੀ ਸ਼ਿਕਾਇਤ ਦੇ ਆਧਾਰ 'ਤੇ ਅਹਿਮਦ, ਉਸ ਦੇ ਭਰਾ ਅਸ਼ਰਫ, ਉਸ ਦੇ ਪਰਿਵਾਰਕ ਮੈਂਬਰਾਂ ਅਤੇ ਹੋਰਾਂ ਖਿਲਾਫ ਮਾਮਲਾ ਦਰਜ ਕੀਤਾ ਸੀ। ਸ਼ਨੀਵਾਰ ਨੂੰ ਪ੍ਰਯਾਗਰਾਜ ਦੇ ਧੂਮਨਗੰਜ ਥਾਣੇ ਦੀ ਪੁਲਸ ਟੀਮ ਨੇ ਨੌਚੰਡੀ ਦੇ ਭਵਾਨੀ ਨਗਰ ਇਲਾਕੇ 'ਚ ਸਥਿਤ ਨੂਰੀ ਅਤੇ ਅਖਲਾਕ ਦੇ ਦੋ ਮੰਜ਼ਿਲਾ ਘਰ ਨੂੰ ਅਟੈਚ ਕੀਤਾ, ਜਿਸ 'ਚ ਮਹਿੰਗੀਆਂ ਚੀਜ਼ਾਂ ਗਾਇਬ ਸਨ।

# ਆਸਟ੍ਰੇਲੀਆਈ ਹਾਈ ਕਮਿਸ਼ਨਰ ਨੇ ਕਿਹਾ, ਭਾਰਤੀ ਵਿਦਿਆਰਥੀ AI-ECTA ਤਹਿਤ ਅਸਥਾਈ ਗ੍ਰੈਜੂਏਟ ਵੀਜ਼ਾ ਲਈ ਯੋਗ ਹੋਣਗੇ

ਕੈਨਬਰਾ, 11 ਦਸੰਬਰ (ਪੋਸਟ ਬਿਊਰੋ): ਆਸਟ੍ਰੇਲੀਅਨ ਹਾਈ ਕਮਿਸ਼ਨਰ ਨੇ ਸੋਮਵਾਰ ਨੂੰ 'ਓਈ-ਓਛਠਓ' ਤਹਿਤ ਕੀਤੇ ਗਏ ਸਮਝੌਤਿਆਂ ਨੂੰ ਬਰਕਰਾਰ ਰੱਖਣ ਲਈ ਦੇਸ਼ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਭਾਰਤੀ ਗ੍ਰੈਜੂਏਟ ਆਸਟ੍ਰੇਲੀਆ-ਭਾਰਤ ਆਰਥਿਕ ਸਹਿਯੋਗ ਅਤੇ ਵਪਾਰ ਸਮਝੌਤੇ (ਓਈ-ਓਛਠਓ) ਦੀਆਂ ਸ਼ਰਤਾਂ ਦੇ ਅਨੁਸਾਰ ਅਸਥਾਈ ਗ੍ਰੈਜੂਏਟ ਵੀਜ਼ਾ ਲਈ ਯੋਗ ਹੋਣਗੇ।

ਇਸ ਸਮਝੌਤੇ ਦੇ ਤਹਿਤ, ਬੈਚਲਰ ਦੀ ਡਿਗਰੀ ਰੱਖਣ ਵਾਲੇ ਭਾਰਤੀ ਗ੍ਰੈਜੂਏਟ ਅਸਥਾਈ ਗ੍ਰੈਜੂਏਟ ਵੀਜ਼ੇ 'ਤੇ ਦੋ ਸਾਲਾਂ ਲਈ ਆਸਟਰੇਲੀਆ ਵਿੱਚ ਰਹਿ ਸਕਦੇ ਹਨ। ਜਦੋਂ ਕਿ ਜਿਨ੍ਹਾਂ ਨੇ ਪੋਸਟ ਗ੍ਰੈਜੂਏਟ ਡਿਗਰੀ ਪੂਰੀ ਕੀਤੀ ਹੈ, ਉਹ ਤਿੰਨ ਸਾਲਾਂ ਦੇ ਵੀਜ਼ੇ ਲਈ ਯੋਗ ਹਨ। ਇਸ ਤੋਂ ਇਲਾਵਾ, ਜਿਹੜੇ ਵਿਅਕਤੀ ਆਪਣੀ ਪੀਐਚਡੀ ਨੂੰ ਸਫਲਤਾਪੂਰਵਕ ਪੂਰਾ ਕਰਦੇ ਹਨ, ਉਹ ਚਾਰ ਸਾਲਾਂ ਦੇ ਅਸਥਾਈ ਗ੍ਰੈਜੂਏਟ ਵੀਜ਼ੇ ਦੇ ਹੱਕਦਾਰ ਹੋਣਗੇ।



ਮੀਡੀਆ ਨਾਲ ਗੱਲ ਕਰਦਿਆਂ, ਭਾਰਤ ਵਿੱਚ ਆਸਟ੍ਰੇਲੀਆ ਦੇ ਹਾਈ ਕਮਿਸ਼ਨਰ ਫਿਲਿਪ ਗ੍ਰੀਨ ਨੇ ਆਸਟ੍ਰੇਲੀਆ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧੇ ਦੀ ਉਮੀਦ ਪ੍ਰਗਟਾਈ। ਨਵੀਂ ਮਾਈਗ੍ਰੇਸ਼ਨ ਰਣਨੀਤੀ ਤਹਿਤ ਓਈ-ਓਛਠਓ ਦੇ ਤਹਿਤ ਭਾਰਤ ਅਤੇ ਆਸਟ੍ਰੇਲੀਆ ਵਿਚਕਾਰ ਹੋਏ ਸਮਝੌਤਿਆਂ ਵਿੱਚ ਵਚਨਬੱਧਤਾਵਾਂ ਨੂੰ ਬਰਕਰਾਰ ਰੱਖਿਆ ਜਾਵੇਗਾ। ਇਸ ਦਾ ਮਤਲਬ ਹੈ ਕਿ ਭਾਰਤੀ ਗ੍ਰੈਜੂਏਟ ਅੰਡਰਗਰੈਜੂਏਟ ਡਿਗਰੀ ਪੂਰੀ ਕਰਨ ਲਈ ਦੋ ਸਾਲ, ਮਾਸਟਰ ਡਿਗਰੀ ਪੂਰੀ ਕਰਨ ਲਈ ਤਿੰਨ ਸਾਲ ਅਤੇ ਪੀਐਚਡੀ ਪੂਰੀ ਕਰਨ ਲਈ ਚਾਰ ਸਾਲ ਲਈ ਅਸਥਾਈ ਗ੍ਰੈਜੂਏਟ ਵੀਜ਼ੇ 'ਤੇ ਰਹਿਣ ਦੇ ਯੋਗ ਬਣੇ ਰਹਿਣ-ਗੇ।

ਹਾਈ ਕਮਿਸ਼ਨਰ ਨੇ ਵਿਦਿਅਕ ਮੌਕਿਆਂ ਦੀ ਮੰਗ ਕਰਨ ਵਾਲੇ ਉੱਚ ਗੁਣਵੱਤਾ ਵਾਲੇ ਵਿਦਿਆਰਥੀਆਂ ਦਾ ਸੁਆਗਤ ਕਰਨ ਲਈ ਆਸਟ੍ਰੇਲੀਆਈ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਆਸਟ੍ਰੇਲੀਆ ਵਿੱਚ ਵਿਦਿਅਕ ਮੌਕਿਆਂ ਦੀ ਭਾਲ ਕਰਨ ਵਾਲੇ ਉੱਚ-ਗੁਣਵੱਤਾ ਵਾਲੇ ਵਿਦਿਆਰਥੀਆਂ ਦਾ ਸੁਆਗਤ ਕਰਨਾ ਜਾਰੀ ਰੱਖੇਗੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਭਾਰਤ ਵਿੱਚ ਅਧੋਗਤੀ ਵਰਤਾਰੇ ਲਈ ਧਰਮ ਨਿਰਪੱਖ ਧਿਰਾਂ ਵੀ ਘੱਟ ਜ਼ਿਮੇਵਾਰ ਨਹੀਂ

ਜਤਿੰਦਰ ਪਨੂੰ ਦੀ ਕਲਮ ਤੋਂ



ਦਸੰਬਰ ਚੜ੍ਹਦੇ ਸਾਰ ਨਿਕਲੇ ਪੰਜ ਰਾਜਾਂ ਦੇ ਚੋਣ ਨਤੀਜੇ ਵਿੱਚ ਤਿੰਨ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਜਿੱਤਣ ਵਿੱਚ ਕਾਮਯਾਬ ਰਹੀ ਹੈ, ਜਿਨ੍ਹਾਂ ਵਿੱਚੋਂ ਇੱਕ ਮੱਧ ਪ੍ਰਦੇਸ਼ ਉਸ ਕੋਲ ਪਹਿਲਾਂ ਸੀ ਅਤੇ ਛੱਤੀਸਗੜ੍ਹ ਅਤੇ ਰਾਜਸਥਾਨ ਉਸ ਨੇ ਕਾਂਗਰਸ ਪਾਰਟੀ ਤੋਂ ਹੋਰ ਖੋਹ ਲਏ ਹਨ। ਕਾਂਗਰਸ ਪਾਰਟੀ ਦੀ ਲੀਡਰਸ਼ਿਪ ਦੇ ਡਿੱਗਦੇ ਦਿਲ ਨੂੰ ਠੁੰਮ੍ਹਣਾ ਦੇਣ ਲਈ ਦੱਖਣੀ ਰਾਜ ਤੇਲੰਗਾਨਾ ਵਿੱਚ ਮਿਲੀ ਜਿੱਤ ਕਿੰਨੀ ਅਸਰਦਾਰ ਹੈ, ਪਤਾ ਨਹੀਂ, ਪਰ ਇਸ ਨਾਲ ਦੇਸ਼ ਵਿੱਚ ਜਿਹੜਾ ਮਾਹੌਲ ਅਗਲੀਆਂਪਾਰਲੀਮੈਂਟ ਚੋਣਾਂਦੇ ਮੁਕਾਬਲੇ ਤੋਂ ਪਹਿਲਾਂ ਬਣ ਗਿਆ ਹੈ, ਉਹ ਧਰਮ-ਨਿਰਪੱਖ ਧਿਰਾਂ ਦੇ ਕਈ ਸਮੱਰਥਕਾਂ ਨੂੰ ਮਾਨਸਿਕ ਸੱਟ ਮਾਰਨ ਵਾਲਾ ਮੰਨਿਆ ਗਿਆ ਹੈ। ਪੰਜਵੇਂ ਰਾਜ ਮੀਜ਼ੋਰਮ ਵਿੱਚ ਕੌਣ ਜਿੱਤ ਗਿਆਅਤੇ ਕੌਣ ਹਾਰਿਆ ਹੈ, ਇਸ ਨਾਲ ਬਾਕੀ ਦੇਸ਼ ਦੇ ਲੋਕਾਂ ਨੂੰ ਖਾਸ ਫਰਕ ਨਹੀਂ ਪੈਣਾ। ਆਸਾਮ ਤੋਂ ਪਰੇ 'ਸੈਵਨ ਸਿਸਟਰਜ਼' ਆਖੇ ਜਾਂਦੇ ਸੱਤਾਂ ਰਾਜਾਂ ਵਿੱਚ ਇੱਕ ਤਾਂ ਪਾਰਲੀਮੈਂਟ ਦੀਆਂ ਸੀਟਾਂ ਘੱਟ ਹਨ, ਜਿਹੜੀਆਂ ਦੇਸ਼ ਦੀ ਸੱਤਾ ਲਈ ਸੰਘਰਸ਼ ਦੇ ਮੌਕੇ ਅਸਰ ਪਾ ਸਕਦੀਆਂ ਹੋਣਅਤੇ ਦੂਸਰਾ ਉਨ੍ਹਾਂ ਰਾਜਾਂ ਦੀ ਰਾਜਨੀਤੀ ਵਿੱਚ ਕੌਮੀ ਪਾਰਟੀਆਂ ਦਾ ਬਹੁਤਾ ਬੋਲਬਾਲਾ ਵੀ ਕਦੇ ਦਿਖਾਈ ਨਹੀਂ ਦਿੱਤਾ, ਬਹੁਤਾ ਕਰ ਕੇ ਸਥਾਨਕ ਪਾਰਟੀਆਂ ਵਿਚਾਲੇ ਸੰਘਰਸ਼ ਹੁੰਦਾ ਰਹਿੰਦਾ ਹੈ। ਉਨ੍ਹਾਂ ਵਿੱਚੋਂ ਜਿਹੜੀ ਕੋਈ ਧਿਰ ਕਦੀ ਕਿਸੇ ਕੌਮੀ ਪਾਰਟੀ ਨਾਲ ਖੁਦ ਜੁੜਦੀ ਹੈ ਜਾਂ ਉਸ ਵਿੱਚੋਂ ਟੁੱਟੇ ਕੁਝ ਬੰਦੇ ਜੁੜਦੇ ਹਨ, ਅਗਲੀ ਵਾਰ ਵੀ ਉਹ ਕੌਮੀ ਰਾਜਨੀਤੀ ਦਾ ਹਿੱਸਾ ਬਣੇ ਰਹਿਣਗੇ ਜਾਂ ਖੇਤਰੀ ਪਾਰਟੀ ਵਿੱਚ ਮੁੜ ਆਉਣਗੇ ਜਾਂ ਕੋਈ ਨਵੀਂ ਪਾਰਟੀ ਬਣਾ ਲੈਣਗੇ, ਇਸ ਬਾਰੇ ਕਦੀ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਉਨ੍ਹਾਂ ਦੀਆਂ ਆਪਣੀਆਂ ਖੇਤਰੀ ਲੋੜਾਂ ਹਨ। ਭਾਰਤ ਦੀ ਵਾਗਡੋਰ ਆਪਣੇ ਹੱਥੀਂ ਰੱਖਣ ਜਾਂ ਕਿਸੇਦੂਸਰੇ ਤੋਂ ਖੋਹਣ ਦੀ ਲੜਾਈ ਵਾਲੇ ਰਾਜਾਂ ਵਿੱਚੋਂ ਚਹੁੰ ਦਾ ਨਤੀਜਾ ਧਰਮ-ਨਿਰੱਪਖਤਾ ਦਾ ਦਾਅਵਾ ਕਰਦੀਆਂ ਧਿਰਾਂ ਲਈ ਨਾ ਸਿਰਫ ਚੰਗਾ ਨਹੀਂ ਸੀ ਆਇਆ, ਸਗੋਂ ਉਨ੍ਹਾਂ ਦੇ ਰਾਜਨੀਤਕ ਪੈਂਤੜਿਆਂ ਦੇ ਅਸਫਲ ਰਹਿਣ ਦੀ ਲਗਾਤਾਰਤਾ ਦਾ ਇੱਕ ਹੋਰ ਸ਼ਰਮਿੰਦਗੀ ਭਰਪੂਰ ਸਰਟੀਫਿਕੇਟ ਵੀ ਪੇਸ਼ ਕਰਨ ਵਾਲਾ ਹੈ।

ਸਭ ਨੂੰ ਪਤਾ ਹੈ ਕਿ ਪਿਛਲੇ ਸਮੇਂ ਵਿੱਚ ਧਰਮ-ਨਿਰਪੱਖ ਧਿਰਾਂ ਨੇ 'ਇੰਡੀਆ' ਨਾਂਅ ਦਾ ਗੱਠਜੋੜ ਜਦੋਂ ਭਾਰਤ ਦੇ ਲੋਕਾਂ ਸਾਹਮਣੇ ਪੇਸ਼ ਕੀਤਾ ਸੀ ਤਾਂ ਇਹ ਵਾਅਦਾ ਕੀਤਾ ਸੀ ਕਿ ਦੇਸ਼ ਦੇ ਭਲੇ ਭਵਿੱਖ ਲਈ ਇਸ ਗੱਠਜੋੜ ਦੇ ਨੇਤਾ ਅੱਗੇ ਤੋਂ ਆਪੋ ਵਿੱਚ ਤਾਲਮੇਲ ਕਰ ਕੇ ਚੱਲਣਗੇ। ਵਾਅਦੇ ਕਰਨੇ ਹੋਰ ਗੱਲ ਤੇ ਉਨ੍ਹਾਂ ਉੱਤੇ ਪਹਿਰੇਦਾਰੀ ਦਾ ਅਮਲ ਹੋਰ ਹੋਣ ਵਾਲਾ ਬੀਤੇ ਸਮੇਂ ਦਾ ਤਜਰਬਾ ਉਨ੍ਹਾਂ ਨੇ ਇਸ ਵਾਰ ਵੀ ਦੇਸ਼ ਦੇ ਲੋਕਾਂ ਸਾਹਮਣੇ ਪੇਸ਼ ਕੀਤਾ ਸੀਅਤੇ ਫਿਰ ਨਤੀਜੇ ਵਜੋਂ ਸਾਰੀਆਂ ਧਿਰਾਂ ਸੱਟ ਖਾ ਕੇ ਇੱਕ ਦੂਸਰੀ ਨੂੰ ਕੋਸਣ ਜੋਗੀਆਂ ਰਹਿ ਗਈਆਂ ਹਨ। ਵਿਧਾਨ ਸਭਾ ਚੋਣਾਂ ਵਾਸਤੇ ਇਨ੍ਹਾਂ ਪੰਜਾਂ ਰਾਜਾਂ ਵਿੱਚੋਂ ਕਿਸੇ ਵਿੱਚ ਵੀ ਇਨ੍ਹਾਂ ਦਾ ਤਾਲਮੇਲ ਨਹੀਂ ਬਣਿਆ ਤੇ ਇਹ ਸਭ ਧਿਰਾਂ ਇੱਕ-ਦੂਸਰੇ ਦੀ ਮੁਸ਼ਕਲ ਵਧਾਉਣ ਲੱਗੀਆਂ ਰਹੀਆਂ ਸਨ। ਕਾਂਗਰਸ ਪਾਰਟੀ ਲਗਾਤਾਰ ਇਸ ਯਤਨ ਵਿੱਚ ਰਹੀ ਕਿ ਕਿਸੇ ਤਰ੍ਹਾਂ ਪਹਿਲਾਂ ਤੋਂ ਆਪਣੇ ਕਬਜ਼ੇ ਵਾਲੇ ਰਾਜਸਥਾਨ ਅਤੇ ਛੱਤੀਸਗੜ੍ਹ ਬਚਾ ਕੇ ਘੱਟੋ-ਘੱਟ ਇੱਕ ਹੋਰ ਮੱਧ ਪ੍ਰਦੇਸ਼ ਜਾਂ ਤੇਲੰਗਾਨਾ ਦਾ ਰਾਜ ਜੋੜ ਕੇ ਆਪਣੇ ਆਪ ਨੂੰ ਬਾਕੀਆਂ ਤੋਂ ਤਕੜੀ ਸਾਬਤ ਕਰ ਸਕੇ ਤੇ ਇਸ ਵਡੱਪਣ ਦੇ ਸਹਾਰੇ ਆਪਣੇ ਉਸ 'ਰਾਜਕੁਮਾਰ' ਰਾਹੁਲ ਗਾਂਧੀ ਲਈ ਸਾਰੀਆਂ ਧਿਰਾਂ ਦੀ ਅਗਵਾਈ ਦਾ ਹੱਕ ਮੰਨਵਾ ਸਕੇ, ਜਿਹੜਾ ਕਦੀ ਕਿਸੇ ਮੋਰਚੇ ਉੱਤੇ ਸਫਲ ਨਹੀਂ ਹੋਇਆ। ਇਸ ਦੇ ਉਲਟ ਬਾਕੀ ਪਾਰਟੀਆਂ ਨੂੰ ਇਹ ਚਿੰਤਾ ਬਣੀ ਰਹੀ ਕਿ ਕਾਂਗਰਸ ਏਨੀ ਵੱਡੀ ਵੀ ਨਾ ਹੋ ਜਾਵੇ ਕਿ ਸਾਨੂੰ ਟਿੱਚ ਜਾਨਣ ਲੱਗ ਪਏ ਅਤੇ ਲੋਕ ਸਭਾ ਲਈ ਸੀਟਾਂ ਦੀ ਵੰਡ ਵਿੱਚ ਗੱਠਜੋੜ ਦੀਆਗੂ ਮੰਨਣੀ ਪੈ ਜਾਵੇ। ਦੋਵਾਂ ਧਿਰਾਂ ਵਿੱਚ ਇਹੋ ਜਿਹੀ ਖਿੱਚੋਤਾਣ ਪਹਿਲਾਂ ਇਨ੍ਹਾਂ ਰਾਜਾਂ ਵਿੱਚ ਕਿਸੇ ਤਾਲਮੇਲ ਦੀਆਂ ਜੜ੍ਹਾਂ ਟੁੱਕਣ ਵਾਲੀ ਸਾਬਤ ਹੋਈ ਤੇ ਫਿਰ ਇੱਕ-ਦੂਸਰੇ ਦੇ ਮੁਕਾਬਲੇ ਚਲਾਈ ਗਈ ਚੋਣ ਮੁਹਿੰਮ ਵਿੱਚ ਭਾਜਪਾ ਨਾਲੋਂ ਵੱਧ ਆਪਸੀ ਦੂਸ਼ਣਬਾਜ਼ੀ ਕਰਨ ਤੱਕ ਲੈ ਗਈ।

ਉਂਜ ਇਹ ਕੋਈ ਇਨ੍ਹਾਂ ਧਰਮ-ਨਿਰਪੱਖ ਅਖਵਾਉਂਦੀਆਂ ਧਿਰਾਂ ਦਾ ਨਵਾਂ ਤਜਰਬਾ ਨਹੀਂ, ਦੇਸ਼ ਆਜ਼ਾਦ ਹੋਣ ਦੇ ਦਿਨਾਂ ਤੋਂ ਧਰਮ-ਨਿਰਪੱਖ ਧਿਰਾਂ ਦੀ ਦੂਸਰਿਆਂ ਨੂੰ ਪਾਸੇ ਧੱਕ ਕੇ ਖੁਦ ਰਾਜ ਸਾਂਭਣ ਦੀ ਲੜਾਈ ਹੀ ਅਜੋਕੇ ਪੜਾਅ ਤੱਕ ਲਿਆਈ ਹੈ। ਅੱਜ ਜਦੋਂ ਭਾਜਪਾ ਜਾਂ ਉਸ ਨਾਲ ਜੁੜੇ ਹੋਏ ਲੋਕ ਇੰਦਰਾ ਗਾਂਧੀ ਤੋਂ ਪਿੱਛੋਂ ਜਵਾਹਰ ਲਾਲ ਨਹਿਰੂ ਤੇ ਫਿਰ ਮਹਾਤਮਾ ਗਾਂਧੀ ਬਾਰੇਊਜਾਂ ਲਾਈ ਜਾਂਦੇ ਹਨ ਤਾਂ ਧਰਮ-ਨਿਰਪੱਖ ਧਿਰਾਂ ਨੂੰ ਮਿਰਚਾਂ ਲੱਗਦੀਆਂ ਹਨ, ਪਰ ਭਾਜਪਾ ਬਣਨ ਤੋਂ ਪਹਿਲਾਂ ਜਦੋਂ ਅਜੇ ਜਨ ਸੰਘ ਹੁੰਦੀ ਸੀ, ਇਨ੍ਹਾਂ ਧਰਮ-ਨਿਰਪੱਖ ਧਿਰਾਂ ਦੇ ਆਗੂ ਖੁਦ ਨਹਿਰੂ ਤੇ ਗਾਂਧੀ ਦੇ ਕਿਰਦਾਰਾਂ ਵਿੱਚ ਨੁਕਸ ਕੱਢਣ ਦਾ ਕੰਮ ਕਰਿਆ ਕਰਦੇ ਸਨ। ਫਿਰ ਇੰਦਰਾ ਗਾਂਧੀ ਦੇ ਉਭਾਰ ਮਗਰੋਂ ਇਨ੍ਹਾਂ ਧਰਮ-ਨਿਰਪੱਖ ਧਿਰਾਂ ਨੇ ਉਸ ਅੰਦਰ ਉੱਭਰੀਆਂ ਤਾਨਾਸ਼ਾਹੀ ਤੇ ਪਰਵਾਰਵਾਦ ਦੀਆਂ ਰੁਚੀਆਂ ਦੀ ਵਿਰੋਧਤਾ ਦੇ ਨਾਂਅ ਉੱਤੇ ਭਾਜਪਾ ਦੇ ਪਹਿਲੇ ਰੂਪ ਜਨ ਸੰਘ ਨਾਲ ਸਮਝੌਤੇ ਕੀਤੇ ਤੇ ਉਨ੍ਹਾਂ ਦੀਆਂ ਜੜ੍ਹਾਂ ਇਸ ਧਰਮ-ਨਿਰਪੱਖ ਦੇਸ਼ ਦੇ ਉਸ ਸਮਾਜ ਵਿੱਚ ਲਾਉਣ ਦਾ ਕੰਮ ਕੀਤਾ ਸੀ, ਜਿਹੜਾ ਓਦੋਂ ਤੱਕ ਆਪਣੀ ਵਿਰਾਸਤ ਤੋਂ ਨਹੀਂ ਸੀ ਥਿੜਕਿਆ। ਪੱਛਮੀ ਬੰਗਾਲ ਵਿੱਚ ਜਨ ਸੰਘ ਕਿੱਥੇ ਸੀ, ਕਾਂਗਰਸ ਤੇ ਖੱਬੇ ਪੱਖੀਆਂ ਵਿੱਚ ਸੱਤਾ ਦੀ ਖਿੱਚੋਤਾਣ ਸੀ ਤੇ ਕੇਰਲਾ ਵਿੱਚ ਵੀ ਇਹੋ ਹਾਲਤ ਸੀ। ਕਾਂਗਰਸ ਵਿਰੋਧ ਦੇ ਨਾਂਅ ਉੱਤੇ ਓਦੋਂ ਜਨ ਸੰਘ ਨਾਲ ਨਾਲ ਗੱਠਜੋੜ ਬਣਾ ਕੇ ਜਿਹੜੇ ਵੀ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਗਈਆਂ, ਉਨ੍ਹਾਂ ਦਾ ਰਾਜਨੀਤਕ ਨਕਸ਼ਾ ਉਸ ਪਿੱਛੋਂ ਲਗਾਤਾਰ ਨਵਾਂ ਰੰਗ ਲੈਂਦਾ ਗਿਆ ਸੀ। ਕਾਂਗਰਸ ਤੇ ਰਾਜੀਵ ਗਾਂਧੀ ਦੇ ਵਿਰੋਧ ਵਿੱਚ ਸੱਤਾ ਲਈ ਲੜ ਰਹੀਆਂ ਧਰਮ-ਨਿਰਪੱਖ ਧਿਰਾਂ ਨਵੀਂ ਉੱਭਰਦੀ ਭਾਜਪਾ ਨਾਲ ਹਰ ਥਾਂ ਸਿੱਧੇ ਜਾਂ ਅਸਿੱਧੇ ਤਾਲਮੇਲ ਲਈ ਤਿਆਰ ਹੋਣ ਲੱਗ ਪਈਆਂ ਅਤੇ ਦੂਸਰੇ ਪਾਸੇ ਕਾਂਗਰਸ ਪਾਰਟੀ ਪਹਿਲਾਂ ਸ਼ਾਹਬਾਨੋ ਕੇਸ ਵਿੱਚ ਥਿੜਕੀ ਤੇ ਫਿਰ ਬਾਬਰੀ ਮਸਜਿਦ ਦਾ ਤਾਲਾ ਖੋਲ੍ਹਣ ਤੁਰ ਪਈ ਸੀ। ਨਰਸਿਮਹਾ ਰਾਓ ਵਰਗਾ ਮੌਕਾਪ੍ਰਸਤ ਆਗੂ ਕਾਂਗਰਸ ਨੇ ਪ੍ਰਧਾਨ ਮੰਤਰੀ ਬਣਾ ਲਿਆ ਤਾਂ ਉਸ ਨੇ ਬਾਬਰੀ ਮਸਜਿਦ ਢਾਹੁਣ ਤੁਰੀ ਹੋਈ ਭਾਜਪਾ ਨਾਲ ਅੰਦਰ-ਖਾਤੇ ਜਿਹੜੀ ਸਾਂਝ ਨਿਭਾਈ, ਕਾਂਗਰਸ ਦੇ ਵੀ ਜੜ੍ਹੀਂਬਹਿ ਗਈ ਅਤੇ ਇਸ ਦੇਸ਼ ਵਿੱਚ ਬਚੀ-ਖੁਚੀ ਧਰਮ-ਨਿਰਪੱਖਤਾ ਦੇ ਵੀ। ਓਦੋਂ ਕਾਂਗਰਸ ਨੂੰ ਹਟਾ ਕੇ ਬਣੀਆਂ ਦੇਵਗੌੜਾ ਅਤੇ ਗੁਜਰਾਲ ਸਰਕਾਰਾਂ ਵੀ ਅਗਲੀ ਨੀਵਾਣ ਤੱਕ ਲਿਜਾਣ ਵਾਲੀਆਂ ਹੀ ਸਾਬਤ ਹੋਈਆਂ ਸਨ। ਹਾਲਾਤ ਦਾ ਮਜ਼ਾਕ ਵੇਖੋ ਕਿ ਐੱਚ ਡੀ ਦੇਵਗੌੜਾ ਪ੍ਰਧਾਨ ਮੰਤਰੀ ਤਾਂ ਭਾਜਪਾ ਦੇ ਵਿਰੋਧ ਵਿੱਚ ਕਾਂਗਰਸ ਦੀ ਮਦਦ ਨਾਲ ਬਣਿਆ, ਪਰ ਜਦੋਂ ਗੱਦੀ ਖੁੱਸ ਗਈ ਤਾਂ ਥੋੜ੍ਹਾ ਸਮਾਂ ਬਾਅਦ ਓਸੇ ਭਾਜਪਾ ਦੀ ਮਦਦ ਨਾਲ ਆਪਣੇ ਪੁੱਤਰ ਨੂੰ ਮੁੱਖ ਮੰਤਰੀ ਬਣਾਉਣ ਤੁਰ ਪਿਆ ਸੀ। ਪਹਿਲਾ ਪੰਜਾਬੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਵੀ ਉਸ ਅਹੁਦੇ ਤੱਕ ਇਨ੍ਹਾਂ ਧਰਮ-ਨਿਰਪੱਖ ਧਿਰਾਂ ਦੇ ਆਗੂ ਵਜੋਂ ਪਹੁੰਚਿਆ ਸੀ, ਪਰ ਗੱਦੀ ਖੁੱਸਦੇ ਸਾਰ ਆਪਣੀ ਪਾਰਲੀਮੈਂਟ ਸੀਟ ਬਚਾਉਣ ਲਈ ਭਾਜਪਾ ਦੀ ਸਾਂਝ ਵਾਲੇ ਗੱਠਜੋੜ ਦੀ ਮਦਦ ਦਾ ਮੁਥਾਜ ਬਣਨ ਤੁਰ ਪਿਆ ਸੀ ਤੇ ਭਾਜਪਾ ਵਾਲੇ ਉਸ ਦੀ ਮਦਦ ਕਰਨ ਦੇ ਵਕਤ ਉਸ ਦੀ ਧਰਮ-ਨਿਰਪੱਖਤਾ ਦੀਆਂ ਗੱਲਾਂ ਕਰਦੇ ਵੱਖੀਆਂ ਥਾਣੀਂ ਹੱਸਦੇ ਹੁੰਦੇ ਸਨ। ਪੱਛਮੀ ਬੰਗਾਲ ਵਿੱਚ ਸੱਤਾ ਦਾ ਸੁਖ ਮਾਣਨ ਲਈ ਮਮਤਾ ਬੈਨਰਜੀ ਨੇ ਪਹਿਲਾਂ ਕਾਂਗਰਸ ਛੱਡੀ ਅਤੇ ਫਿਰ ਖੱਬੇ-ਪੱਖੀਆਂ ਨਾਲ ਲੜਨ ਲਈ ਭਾਜਪਾ ਨਾਲ ਸਾਂਝ ਪਾ ਕੇ ਚੋਣਾਂ ਲੜੀਆਂ ਸਨ ਤੇ ਉਨ੍ਹਾਂ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿੱਚ ਮੰਤਰੀ ਵੀ ਬਣੀ ਸੀ। ਜਨਤਾ ਦਲ ਯੁਨਾਈਟਿਡ ਵਾਲੇ ਨਿਤੀਸ਼ ਕੁਮਾਰ ਨੇ ਕਿੰਨੀ ਵਾਰੀ ਭਾਜਪਾ ਨਾਲ ਸੱਤਾ ਖਾਤਰ ਸਾਂਝ ਪਾਈ ਤੇ ਕਿੰਨੀ ਵਾਰ ਆਪਣੇ ਹਿੱਤਾਂ ਖਾਤਰ ਧਰਮ-ਨਿਰਪੱਖਤਾ ਨੂੰ ਦਾਅ ਉੱਤੇ ਲਾਇਆ ਸੀ, ਇਹ ਗਿਣਤੀ ਕਰਦਾ ਬੰਦਾ ਥੱਕ ਸਕਦਾ ਹੈ। ਉੜੀਸਾ ਦੇ ਨਵੀਨ ਪਟਨਾਇਕ ਨੇ ਧਰਮ-ਨਿਰਪੱਖਤਾ ਦੀਆਂ ਗੱਲਾਂ ਤੋਂ ਸੱਤਾ ਲਈ ਮੁੱਢਲੇ ਕਦਮ ਚੁੱਕੇ ਅਤੇ ਅਗਲੇ ਕਦਮ ਉਸ ਨੂੰ ਸੱਤਾ ਦੇ ਲਈ ਭਾਜਪਾ ਨਾਲ ਸਾਂਝ ਪਾਉਣ ਤੱਕ ਲੈ ਗਏ ਸਨ। ਪੈਰ ਪੱਕੇ ਹੋ ਗਏ ਤਾਂ ਭਾਜਪਾ ਨਾਲੋਂ ਸਾਂਝ ਤੋੜ ਲਈ, ਪਰ ਜਦੋਂ ਕੇਂਦਰ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੀ ਚੜ੍ਹਤ ਹੁੰਦੀ ਵੇਖੀ ਤਾਂ ਉਸ ਨਾਲ ਅੱਖ ਬਚਾ ਕੇ ਤਾਲਮੇਲ ਦਾ ਉਹ ਰਾਹ ਕੱਢ ਲਿਆ, ਜਿਸ ਦਾ ਲਾਭ ਬਾਕੀ ਭਾਰਤ ਵਿੱਚ ਭਾਜਪਾ ਨੂੰ ਹੋਣਾ ਸੀ। ਆਂਧਰਾ ਪ੍ਰਦੇਸ਼ ਹੋਵੇ ਜਾਂ ਤਾਮਿਲ ਨਾਡੂ, ਹਰ ਰਾਜ ਵਿੱਚ ਸੱਤਾ ਪ੍ਰਾਪਤੀ ਦੀ ਖੇਡ ਵਿੱਚ ਖੇਤਰੀ ਪਾਰਟੀਆਂ ਕਦੀ ਖੱਬੇ-ਪੱਖੀਆਂ ਨਾਲ ਤੇ ਕਦੀ ਭਾਜਪਾ ਨਾਲ ਜੁੜਦੀਆਂ ਰਹੀਆਂ ਅਤੇ ਇਸ ਦਾ ਲਾਭ ਵੀ ਆਖਰੀ ਸ਼ਬਦਾਂ ਵਿੱਚ ਸਭ ਤੋਂ ਵੱਧ ਜਥੇਬੰਦ ਕਾਡਰ ਵਾਲੀ ਭਾਜਪਾ ਨੂੰ ਹੁੰਦਾ ਰਿਹਾ। ਜੰਮੂ-ਕਸ਼ਮੀਰ ਵਿੱਚ ਅੱਜ ਕੱਖੋਂ ਹੌਲੇ ਹਾਲਾਤ ਵਿੱਚ ਪਹੁੰਚੀਆਂ ਦੋਵਾਂ ਸਥਾਨਕ ਧਿਰਾਂ ਨੈਸ਼ਨਲ ਕਾਨਫਰੰਸ ਅਤੇ ਪੀਪਲਜ਼ ਡੈਮੋਕਰੇਟਿਕ ਪਾਰਟੀ ਨੇ ਕੇਂਦਰ ਦੀ ਵਜ਼ੀਰੀ ਲਈ ਭਾਜਪਾ ਨਾਲ ਵਾਰੀ-ਵਾਰੀ ਸਾਂਝ ਪਾਈ ਅਤੇ ਠਿੱਬੀਆਂ ਖਾਣ ਮਗਰੋਂ ਪਿੱਛੇ ਹਟਣ ਦੇ ਬਾਅਦ ਵੀ ਸੱਤਾ ਖਾਤਰ ਅੱਖ-ਮਟੱਕੇ ਕਰਦੀਆਂ ਰਹੀਆਂ ਸਨ ਤੇ ਅੱਜ ਭੁਗਤ ਰਹੀਆਂ ਹਨ।

ਭਾਰਤ ਦੀ ਸਭ ਤੋਂ ਵੱਡੀ ਧਰਮ-ਨਿਰਪੱਖ ਧਿਰ ਹੋਣ ਦਾ ਦਾਅਵਾ ਕਰਦੀ ਕਾਂਗਰਸ ਪਾਰਟੀ, ਧਰਮ-ਨਿਰਪੱਖ ਤਾਂ ਉਹ ਸਭ ਤੋਂ ਵੱਡੀ ਹੋਵੇ ਜਾਂ ਨਾ, ਧਰਮ-ਨਿਰਪੱਖ ਧਿਰਾਂ ਵਿੱਚੋਂ ਸਭਨਾਂ ਤੋਂ ਵੱਡੀ ਜ਼ਰੂਰ ਹੈ, ਦੇ ਲੀਡਰਾਂ ਦਾ ਕਿਰਦਾਰ ਵੀ ਲਗਾਤਾਰ ਮੌਕਾਪ੍ਰਸਤੀ ਵਾਲਾ ਰਿਹਾ। ਜਿਹੜੇ ਆਗੂ ਕਾਂਗਰਸ ਵਿੱਚ ਬੈਠ ਕੇ ਭਾਜਪਾ ਦਾ ਵਿਰੋਧ ਕਰਦੇ ਸਨ, ਸਮਾਂ ਪਾ ਕੇ ਭਾਜਪਾ ਵਿੱਚ ਚਲੇ ਜਾਣ ਵਿੱਚ ਉਨ੍ਹਾਂ ਨੇ ਕੋਈ ਝਿਜਕ ਨਹੀਂ ਵਿਖਾਈ ਅਤੇ ਕਈਆਂ ਨੇ ਵੱਖਰੀ ਪਾਰਟੀ ਬਣਾ ਕੇ ਭਾਜਪਾ ਨਾਲ ਸਾਂਝ ਦਾ ਰਾਹ ਵੀ ਬਣਾ ਲਿਆ ਸੀ। ਅੱਗੋਂ ਇਸ ਕੰਮ ਵਿੱਚ ਭਾਜਪਾ ਖੁੱਲ੍ਹ ਦਿੱਲੀ ਨਾਲ ਚੱਲੀ ਹੈ। ਜਿਸ ਕਿਸੇ ਧਰਮ-ਨਿਰਪੱਖ ਅਕਸ ਵਾਲੇ ਆਗੂ ਨੇ ਮੋੜਾ ਕੱਟਿਆ ਤੇ ਉਨ੍ਹਾਂ ਦੇ ਦਰਵਾਜ਼ੇ ਪਹੁੰਚ ਗਿਆ, ਉਸ ਨੂੰ ਨਾਲ ਜੋੜਨ ਪਿੱਛੋਂ ਬਣਦਾ ਮਾਣ ਇਸ ਲਈ ਦਿੱਤਾ ਕਿ ਹੋਰਨਾਂ ਨੂੰ ਏਥੇ ਆਉਣ ਨੂੰ ਲਲਚਾਇਆ ਜਾ ਸਕੇ ਅਤੇ ਪਤਾ ਨਹੀਂ ਕਿੱਥੋਂ ਦੇ ਵਰਕੇ ਫੋਲ ਕੇ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਕਾਂਗਰਸ ਵਿੱਚ ਹੁੰਦਿਆਂ ਵੀ ਇਹ ਸਾਡਾ ਬੰਦਾ ਹੁੰਦਾ ਸੀ। ਉੱਤਰ ਪ੍ਰਦੇਸ਼ ਵਿੱਚ ਜਿਹੜੇ ਜਗਦੰਬਿਕਾ ਪਾਲ ਨੂੰ ਮੁੱਖ ਮੰਤਰੀ ਬਣਾਉਣ ਵਾਸਤੇ ਕੇਂਦਰ ਦੀ ਕਾਂਗਰਸੀ ਸਰਕਾਰ ਨੇ ਗਵਰਨਰ ਨੂੰ ਉਕਸਾ ਕੇ ਭਾਜਪਾ ਦੀ ਸਰਕਾਰ ਉਲਟਾਈ ਤੇ ਹਾਈ ਕੋਰਟ ਦੇ ਹੁਕਮ ਉੱਤੇ ਭਾਜਪਾ ਸਰਕਾਰ ਬਹਾਲ ਕਰਨੀ ਪਈ ਸੀ, ਉਹ ਬੰਦਾ ਵੀ ਭਾਜਪਾ ਵਿੱਚ ਜਾ ਵੜਿਆ। ਅੱਗੋਂ ਭਾਜਪਾ ਨੇ ਇੱਕ ਲਿਸਟ ਕੱਢ ਕੇ ਵਿਖਾ ਦਿੱਤੀ ਕਿ ਕਾਗਰਸੀ ਹੁੰਦਿਆਂਵੀ ਇਸ ਦਾ ਨਾਂਅ ਬਾਬਰੀ ਮਸਜਿਦ ਢਾਹੁਣ ਲਈ ਤਿਆਰ ਕਾਰ-ਸੇਵਕਾਂ ਦੀ ਸੂਚੀ ਵਿੱਚ ਫਲਾਣੇ ਨੰਬਰ ਉੱਤੇ ਦਰਜ ਕੀਤਾ ਦੱਸਦਾ ਹੈ ਕਿ ਓਦੋਂ ਵੀ ਇਹ ਅੰਦਰੋਂ ਭਾਜਪਾ ਦਾਵਫਦਾਰ ਹੋਇਆ ਕਰਦਾ ਸੀ। ਬਠਿੰਡੇ ਦਾ ਕਮਿਊਨਿਸਟ ਆਗੂ ਮੱਖਣ ਸਿੰਘ ਜਦੋਂ ਅਕਾਲੀ ਦਲ ਵਿੱਚ ਰਲਿਆ ਤਾਂ ਉਸ ਨੇ ਪ੍ਰਕਾਸ਼ ਸਿੰਘ ਬਾਦਲ ਨਾਲ ਬੈਠ ਕੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਸੀ ਕਿ ਉਸ ਨੂੰ ਬੜਾਚਿਰ ਪਿੱਛੋਂ ਪਤਾ ਲੱਗਾ ਹੈ ਕਿ ਅਸਲੀ ਕਮਿਊਨਿਸਟ ਅਤੇ ਅਸਲੀ ਇਨਕਲਾਬੀ ਪਾਰਟੀ ਅਕਾਲੀ ਦਲ ਹੀ ਹੈ। ਅੱਜਕੱਲ੍ਹ ਉਹਦੇ ਵਰਗੇ ਕਈ ਪੁਰਾਣੇ ਧਰਮ-ਨਿਰਪੱਖ ਆਗੂ ਭਾਜਪਾ ਬਾਰੇ ਏਦਾਂ ਦੀਆਂ ਗੱਲਾਂ ਕਹੀ ਜਾਂਦੇ ਹਨ।

ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਤਾਂ ਇਸ ਤੋਂ ਇੱਕ ਦਿਨ ਪਹਿਲਾਂ ਪਾਕਿਸਤਾਨ ਵੱਖਰਾ ਆਜ਼ਾਦ ਦੇਸ਼ ਬਣਾ ਦਿੱਤਾ ਗਿਆ ਸੀ, ਉਸ ਵੇਲੇ ਧਰਮ-ਨਿਰਪੱਖ ਆਗੂਆਂ ਨੂੰ ਬਹੁਤ ਕਸ਼ਟ ਸਹਾਰਨੇ ਪਏ ਸਨ, ਪਰ ਉਹ ਥਿੜਕਦੇ ਨਹੀਂ ਸੀ ਵੇਖੇ ਗਏ। ਮੌਲਾਨਾ ਅਬੁਲ ਕਲਾਮ ਆਜ਼ਾਦ ਨੂੰ ਦਿੱਲੀ ਦੀ ਜਾਮਾ ਮਸਜਿਦ ਵਿੱਚ ਵੜਨੋਂ ਰੋਕ ਦਿੱਤਾ ਗਿਆ ਅਤੇ ਹਿੰਦੂਵਾਦੀਆਂ ਦਾ ਏਜੰਟ ਆਖਿਆ ਗਿਆ, ਪਰ ਉਹ ਪੈਂਤੜੇ ਉੱਤੇ ਕਾਇਮ ਰਿਹਾ ਸੀ। ਪਾਕਿਸਤਾਨ ਬਣਨਪਿੱਛੋਂ ਜਿਹੜੇ ਮੁਸਲਮਾਨ ਭਾਰਤ ਵਿੱਚ ਰਹਿ ਗਏ ਸਨ, ਉਹ ਖੁਦ ਆ ਕੇ ਓਸੇ ਆਜ਼ਾਦ ਨੂੰ ਫਿਰ ਜਾਮਾ ਮਸਜਿਦ ਲੈ ਕੇ ਗਏ ਸਨ ਤੇ ਓਥੇ ਉਸ ਨੇ ਵੰਗਾਰ ਕੇ ਕਿਹਾ ਸੀ ਕਿ ਅੱਜ ਤੁਸੀਂ ਗਲੇਡੂ ਸੁੱਟਦੇ ਹੋ, ਫੈਸਲੇ ਦੀ ਘੜੀ ਬੋਲਣ ਤੋਂ ਝਿਜਕ ਕੇ ਏਨਾ ਜ਼ਿਆਦਾ ਨੁਕਸਾਨ ਕਰ ਬੈਠੇ ਹੋ ਕਿ ਤੁਹਾਡੀਆਂ ਪੀੜ੍ਹੀਆਂ ਨੂੰ ਭੁਗਤਣਾ ਪੈ ਸਕਦਾ ਹੈ। ਇਹ ਸੱਚ ਸਾਬਤ ਹੋਇਆ ਸੀ, ਪਰ ਉਸ ਦੇ ਬਾਅਦ ਵੀ ਉਨ੍ਹਾਂ ਦੇ ਆਗੂ ਸਿਆਸਤ ਦੇ ਮੈਦਾਨ ਵਿੱਚ ਏਦਾਂ ਦੀ ਤਿਲਕਣਬਾਜ਼ੀ ਵਿਖਾਉਂਦੇ ਰਹੇ ਕਿ ਅੱਜ ਉਹਖੁਦ ਕਿਸੇ ਖਾਤੇ ਵਿੱਚ ਨਹੀਂ, ਭਾਜਪਾ ਲੀਡਰਾਂ ਪਿੱਛੇ ਤੁਰਨ ਜੋਗੇ ਰਹਿ ਗਏ ਹਨ। ਸ਼ਾਹਨਵਾਜ਼ ਹੁਸੈਨ ਤੇ ਮੁਖਤਾਰ ਅੱਬਾਸ ਨੱਕਵੀ ਵਰਗੇ ਲੀਡਰ ਅੱਜ ਕਿਤੇ ਰੜਕਦੇ ਨਹੀਂ, ਜਿਹੜੇ ਭਾਜਪਾ ਨੂੰ ਭਾਰਤ ਦੀ ਆਤਮਾ ਅਤੇ ਘੱਟ-ਗਿਣਤੀਆਂ ਦੇ ਲੋਕਾਂ ਲਈ ਭਵਿੱਖ ਦੀ ਆਸ ਦੀ ਕਿਰਨ ਦੱਸਦੇ ਹੁੰਦੇ ਸਨ। ਕਾਂਗਰਸ ਵਿੱਚ ਰਹਿੰਦਿਆਂ ਧਰਮ-ਨਿਰਪੱਖਤਾ ਪੜ੍ਹਾਉਣ ਲਈ ਕਿਤਾਬਾਂ ਲਿਖਣ ਵਾਲੇ ਐੱਮ ਜੇ ਅਕਬਰ ਵਰਗੇ ਲੋਕ ਫਿਰ ਕੇਂਦਰ ਦੀ ਇੱਕ ਵਜ਼ੀਰੀ ਲੈਣ ਲਈ ਭਾਜਪਾ ਵਿੱਚ ਜਾ ਵੜੇ ਸਨ, ਪਰ ਅੱਜ ਉਹ ਕੱਖੋਂ ਹੌਲੇ ਹੋਏ ਸਿਆਸਤ ਦੇ ਅਣਗੌਲੇ ਖੂੰਜੇ ਵਿੱਚ ਪਏ ਹੋਏ ਰੜਕਦੇ ਨਹੀਂ। ਧਰਮ-ਨਿਰਪੱਖ ਅਖਵਾਉਂਦੇਜਿਹੜੇ ਆਗੂਆਂ ਨੇ ਅੱਧੋਗਤੀ ਵਾਲੀ ਹਾਲਾਤ ਪੈਦਾ ਕੀਤੀ ਹੈ, ਉਨ੍ਹਾਂ ਨੂੰ ਆਪਣੀ ਬੁੱਕਲ ਵਿੱਚ ਝਾਤੀ ਮਾਰਨ ਦੀ ਲੋੜ ਹੈ।

ਅਗਲੇ ਸਾਲ ਦੀਆਂ ਚੋਣਾਂ ਵਿੱਚ ਬਹੁਤਾ ਸਮਾਂ ਨਹੀਂ ਰਹਿੰਦਾ। ਉਸ ਲਈ ਗੱਠਜੋੜ ਬਣਾਉਣ ਦੀ ਕਸਰਤ ਫਿਰ ਸ਼ੁਰੂ ਕਰ ਦਿੱਤੀ ਗਈ ਹੈ, ਪਰ ਅਜੇ ਵੀ ਕਾਂਗਰਸੀ ਆਗੂਆਂ ਵਿੱਚ ਆਪਣੇ 'ਰਾਜਕੁਮਾਰ' ਨੂੰ ਭਾਰਤ ਦਾ ਆਗੂ ਬਣਾਉਣ ਦੀ ਉਹ ਭਾਵਨਾ ਘਟੀ ਨਹੀਂ, ਜਿਹੜੀ ਪਹਿਲਾਂ ਨੁਕਸਾਨ ਕਰਾਉਂਦੀ ਰਹੀ ਹੈ। ਰਾਹੁਲ ਗਾਂਧੀ ਅਗਵਾਈ ਕਰਨ ਜੋਗਾ ਨਹੀਂ ਤਾਂ ਪਾਰਟੀ ਕਿਸੇ ਹੋਰ ਨੂੰ ਅੱਗੇ ਲਾਵੇ ਜਾਂ ਨਾ ਲਾਵੇ, ਲਾਵੇ ਤਾਂ ਮਲਿਕਾਰਜੁਨ ਖੜਗੇ ਵਾਂਗ ਐਵੇਂ ਕਾਗਜ਼ੀ ਪ੍ਰਧਾਨਗੀ ਤੱਕ ਸੀਮਤ ਰੱਖੇ ਜਾਂ ਨਾ ਰੱਖੇ, ਇਹ ਮਜਬੂਰੀ ਉਸ ਪਾਰਟੀਦੀ ਹੈ। ਬਾਕੀ ਪਾਰਟੀਆਂ ਦੀਏਹੋ ਜਿਹੀ ਮਜਬੂਰੀ ਨਹੀਂ। ਉਹ ਕਾਂਗਰਸ ਪਾਰਟੀ ਦੀ ਅਜੇ ਵੀ ਆਪਣੇ ਆਗੂ ਖਾਤਰ ਸਾਰੇ ਭਾਰਤ ਦਾ ਭਵਿੱਖ ਕੁਰਬਾਨ ਕਰਨ ਦੀ ਨੀਤੀ ਤੋਂ ਉੱਪਰ ਉੱਠ ਕੇ ਯਤਨ ਕਰ ਸਕਦੀਆਂ ਹਨ ਤੇ ਉਨ੍ਹਾਂ ਨੂੰ ਕਰਨਾ ਵੀ ਚਾਹੀਦਾ ਹੈ। ਭਾਰਤ ਦੇਸ਼ ਜਿਸ ਮੋੜ ਉੱਤੇ ਅੱਜ ਪਹੁੰਚ ਚੁੱਕਾ ਹੈ, ਓਥੇ ਧੜਿਆਂ ਬਾਰੇ ਸੋਚਣ ਵਾਲਾ ਵਕਤ ਨਹੀਂ ਬਚਿਆ ਜਾਪਦਾ, ਦੇਸ਼ ਲਈ ਸੋਚਣਾ ਪਵੇਗਾ।


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.
Lic. 600094



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


# ਖੁਸ਼ ਰਹਿਣ ਦਾ ਇਸ ਤੋਂ ਵਧੀਆ ਤਰੀਕਾ ਕੀ ਹੈ ?

-ਵਿਜੈ ਗਰਗ-

ਹਰ ਪਲ ਕੁਝ ਨਾ ਕੁਝ ਵਾਪਰਨ ਦਾ ਡਰ ਅਤੇ ਅਸੁਰੱਖਿਆ ਦੀ ਭਾਵਨਾ ਨੇ ਮਨੁੱਖੀ ਸੁਭਾਅ ਦੇ ਮਾੜੇ ਪਹਿਲੂਆਂ ਨੂੰ ਉਜਾਗਰ ਕੀਤਾ ਹੈ। ਮਨੁੱਖ ਸੁਭਾਅ ਤੋਂ ਇੰਨਾ ਵਿਲੱਖਣ ਹੈ ਕਿ ਉਹ ਸ਼ਰਮ, ਦੋਸ਼, ਡਰ, ਤਣਾਅ ਅਤੇ ਡਰ ਵਰਗੀਆਂ ਭਾਵਨਾਵਾਂ ਨੂੰ ਆਪਣੇ ਆਪ ਹੀ ਮਹਿਸੂਸ ਕਰਦਾ ਹੈ। ਹਰ ਯੁੱਗ ਵਿੱਚ ਪਰਮਾਤਮਾ ਦੀ ਖੋਜ ਅਤੇ ਮੁਕਤੀ ਦਾ ਮਾਰਗ ਇੱਕ ਬਹੁਤ ਹੀ ਸਧਾਰਨ ਸਿਧਾਂਤ 'ਤੇ ਕੰਮ ਕਰਦਾ ਹੈ: ਖੁਸ਼ ਕਿਵੇਂ ਰਹਿਣਾ ਹੈ? ਮੇਰੇ ਖਿਆਲ ਵਿੱਚ ਇਸ ਬੁਨਿਆਦੀ ਸਵਾਲ ਦੇ ਹੱਲ ਲਈ ਸਾਨੂੰ ਆਪਣੇ ਦੁੱਖਾਂ ਦੀ ਜੜ੍ਹ ਤੱਕ ਜਾਣਾ ਪਵੇਗਾ। ਜਵਾਬ ਸਾਡੇ ਅੰਦਰ ਕਿਤੇ ਛੁਪਿਆ ਹੋਇਆ ਹੈ।ਵਰਤਮਾਨ ਵਿੱਚ, ਅਮਰੀਕੀ ਜੀਵਨ ਸ਼ੈਲੀ ਦੇ ਨਿਯਮ ਪੈਸੇ, ਦੌਲਤ ਅਤੇ ਐਸ਼ੋ-ਆਰਾਮ ਨਾਲ ਖੁਸ਼ੀ ਦੇ ਰਸਤੇ ਨੂੰ ਜੋੜਦੇ ਹਨ. ਜਦੋਂ ਕਿ ਕੁਝ ਲੋਕ ਸਹੀ ਜੀਵਨ ਸਾਥੀ, ਆਪਣੇ ਸਿਰ 'ਤੇ ਛੱਤ ਅਤੇ ਸੁਰੱਖਿਅਤ ਨੌਕਰੀ ਨੂੰ ਖੁਸ਼ੀ ਪ੍ਰਾਪਤ ਕਰਨ ਦਾ ਸਾਧਨ ਮੰਨਦੇ ਹਨ। ਹਾਲਾਂਕਿ ਜੀਵਨ ਹਮੇਸ਼ਾ ਮੁਸ਼ਕਲ ਰਿਹਾ ਹੈ, ਪਰ ਮਹਾਂਮਾਰੀ ਤੋਂ ਬਾਅਦ ਦੀਆਂ ਚੁਣੌਤੀਆਂ ਅਤੇ ਆਰਥਿਕ ਮੰਦੀ ਨੇ ਸਮੱਸਿਆਵਾਂ ਨੂੰ ਹੋਰ ਵਧਾ ਦਿੱਤਾ ਹੈ। ਤਲਾਕ, ਅੱਤਵਾਦ, ਕੰਮ ਦੇ ਤਣਾਅ, ਆਰਥਿਕ ਅਸੁਰੱਖਿਆ ਅਤੇ ਜਲਵਾਯੂ ਪਰਿਵਰਤਨ ਆਦਿ ਦੀਆਂ ਵਧਦੀਆਂ ਘਟਨਾਵਾਂ ਇਹ ਸਾਰੀਆਂ ਸਮੱਸਿਆਵਾਂ ਦਰਸਾਉਂਦੀਆਂ ਹਨ ਕਿ ਕਿਵੇਂ ਝੂਠੀ ਹਉਮੈ ਅਤੇ ਸੁੱਖ-ਸਹੂਲਤਾਂ 'ਤੇ ਨਿਰਭਰਤਾ ਵੱਡੇ ਪੱਧਰ 'ਤੇ ਦੇਖੀ ਜਾ ਸਕਦੀ ਹੈ।ਆਰ ਖੁਸ਼ੀ ਨੂੰ ਪ੍ਰਭਾਵਿਤ ਕਰਦਾ ਹੈ। ਮੇਰੇ ਖਿਆਲ ਵਿੱਚ, ਕੁਝ ਨਿਯਮ ਸਾਡੇ ਲਈ ਲਾਭਦਾਇਕ ਹੋ ਸਕਦੇ ਹਨ - # ਜ਼ਿੰਦਗੀ ਦਾ ਇੱਕ ਮਕਸਦ ਹੁੰਦਾ ਹੈ, ਜਿਸ ਨੂੰ ਪੂਰਾ ਕਰਕੇ ਤੁਸੀਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹੋ। ਅੰਦਰੂਨੀ ਖੁਸ਼ੀ ਸਾਡੇ ਤੋਂ ਖੋਹੀ ਨਹੀਂ ਜਾ ਸਕਦੀ। ਸੱਚੇ ਰਿਸ਼ਤਿਆਂ ਰਾਹੀਂ ਇਸ ਭੌਤਿਕ ਸੰਸਾਰ ਵਿੱਚ ਖੁਸ਼ੀ ਪਾਈ ਜਾ ਸਕਦੀ ਹੈ। ਭਟਕਣ ਦੀ ਬਜਾਏ, ਜੋ ਤੁਸੀਂ ਚਾਹੁੰਦੇ ਹੋ, ਕਰੋ। ਆਪਣੇ ਡਰ ਅਤੇ ਤਣਾਅ ਨੂੰ ਦੂਰ ਕਰੋ. ਸਿਹਤਮੰਦ ਮਨ ਤੁਹਾਡੇ ਸਰੀਰ ਨੂੰ ਵੀ ਤੰਦਰੁਸਤ ਰੱਖੇਗਾ। ਖੁਸ਼ੀ ਅਤੇ ਸੰਤੁਸ਼ਟੀ ਨਾਲ ਭਰੇ ਕਦਮ ਜ਼ਿੰਦਗੀ ਦਾ ਸਾਰਥਕ ਹੋਣਾ ਜ਼ਰੂਰੀ ਹੈ ਅਤੇ ਇਹ ਅਰਥ ਜਿੰਨਾ ਜ਼ਿਆਦਾ ਪ੍ਰੇਰਨਾਦਾਇਕ ਹੋਵੇਗਾ, ਓਨਾ ਹੀ ਬਿਹਤਰ ਹੈ। ਖੁਸ਼ੀ ਉਦੋਂ ਖਤਮ ਹੋਣੀ ਸ਼ੁਰੂ ਹੋ ਜਾਂਦੀ ਹੈ ਜਦੋਂ ਤੁਸੀਂਜ਼ਿੰਦਗੀ ਅਰਥਹੀਣ ਲੱਗਦੀ ਹੈ ਅਤੇ ਤੁਸੀਂ ਇਕੱਲੇ ਮਹਿਸੂਸ ਕਰਨ ਲੱਗਦੇ ਹੋ। ਅਸੀਂ ਸੁਣਦੇ ਆਏ ਹਾਂ ਕਿ 'ਪਰਿਵਾਰ ਹੀ ਸਭ ਕੁਝ ਹੈ', ਪਰ ਇਹ ਸੱਚ ਨਹੀਂ ਹੈ ਕਿਉਂਕਿ ਅਰਥ ਅਤੇ ਉਦੇਸ਼ ਸਰਵਉੱਚ ਹਨ। ਤੁਸੀਂ ਕੰਮ, ਪਰਿਵਾਰ, ਪਿਆਰ, ਨਿੱਜੀ ਵਿਕਾਸ, ਸੇਵਾ, ਸਿੱਖਿਆ, ਸ਼ੌਕ, ਦੋਸਤੀ ਅਤੇ ਰਚਨਾਤਮਕਤਾ ਵਿੱਚੋਂ ਆਪਣਾ ਮਤਲਬ ਚੁਣ ਸਕਦੇ ਹੋ। ਜ਼ਿਆਦਾਤਰ ਲੋਕ ਪਰਿਵਾਰ, ਦੋਸਤੀ, ਦੁੱਖ ਅਤੇ ਕੰਮ ਦੀ ਚੋਣ ਕਰਦੇ ਹਨ, ਪਰ ਉੱਚ ਕਦਰਾਂ-ਕੀਮਤਾਂ ਬਾਰੇ ਕੀ ਜੋ ਵਧੇਰੇ ਸਥਾਈ ਅਤੇ ਸੁਰੱਖਿਅਤ ਖੁਸ਼ੀ ਪ੍ਰਦਾਨ ਕਰ ਸਕਦੇ ਹਨ। ਮੈਂ ਆਪਣੇ ਲਈ ਪਿਆਰ, ਕੁਰਬਾਨੀ, ਸੇਵਾ ਅਤੇ ਨਿੱਜੀ ਵਿਕਾਸ ਦੀ ਚੋਣ ਕਰਾਂਗਾ। ਅਸਲ ਵਿੱਚ ਇੱਕ ਪਰਿਵਾਰ ਵੀ ਅੱਗੇ ਵਧਦਾ ਹੈ। ਇਸ ਲਈ, ਆਪਣੇ ਜੀਵਨ ਦੇ ਉਦੇਸ਼ਾਂ ਨੂੰ ਉੱਚਾ ਰੱਖੋ, ਤਾਂ ਜੋ ਬਦਲਾਅ ਤੁਹਾਡੇ 'ਤੇ ਅਸਰ ਨਾ ਪਵੇ। ਅਸੀਂ ਅੰਦਰਲੀ ਖੁਸ਼ੀ ਬਾਰੇ ਇੰਨਾ ਕੁਝ ਸੁਣਦੇ ਹਾਂ ਕਿ ਇਹ ਅਰਥਹੀਣ ਲੱਗਣ ਲੱਗਦੀ ਹੈ। ਹਾਲਾਂਕਿ, ਜਦੋਂ ਤੁਸੀਂ ਇਕੱਲੇ ਬੈਠੇ ਹੋਏ ਵੀ ਖੁਸ਼ ਮਹਿਸੂਸ ਕਰਦੇ ਹੋ, ਤਾਂ ਸਮਝੋ ਕਿ ਤੁਸੀਂ ਅੰਦਰੂਨੀ ਖੁਸ਼ੀ ਪ੍ਰਾਪਤ ਕਰ ਲਈ ਹੈ। ਇਸ ਨੂੰ ਇੱਕ ਵਾਕ ਵਿੱਚ ਕਹਿਣ ਲਈ, ਜੇ ਤੁਸੀਂ ਵਰਤਮਾਨ ਵਿੱਚ ਰਹਿ ਕੇ ਖੁਸ਼ ਮਹਿਸੂਸ ਕਰ ਸਕਦੇ ਹੋ, ਤਾਂ ਤੁਸੀਂ ਖੁਸ਼ ਹੋ ਸਕਦੇ ਹੋ। ਪਦਾਰਥਵਾਦ ਦੀ ਬਜਾਏ ਰਿਸ਼ਤਿਆਂ 'ਤੇ ਧਿਆਨ ਦਿਓ। ਅਮਰੀਕੀ ਅਰਥਵਿਵਸਥਾ ਦੇ ਅਨੁਸਾਰ, ਵਧੇਰੇ ਮਹਿੰਗੀਆਂ, ਵੱਡੀਆਂ ਅਤੇ ਨਵੀਆਂ ਚੀਜ਼ਾਂ ਬਿਹਤਰ ਹਨ. ਅਸੀਂ ਇਸ ਸੋਚ ਨੂੰ ਨਹੀਂ ਬਦਲ ਸਕਦੇ, ਪਰ ਅਸੀਂ ਸਮਝ ਸਕਦੇ ਹਾਂ ਕਿ ਇਹ ਧਾਰਨਾ ਕਿੰਨੀ ਖੋਖਲੀ ਹੈ। ਖੋਜ ਦਰਸਾਉਂਦੀ ਹੈ ਕਿ ਕਾਫ਼ੀ ਪੈਸਾ ਕਮਾਉਣ ਤੋਂ ਬਾਅਦ, ਇਸਦਾ ਮਹੱਤਵ ਘਟਣਾ ਸ਼ੁਰੂ ਹੋ ਜਾਂਦਾ ਹੈ। ਜੇਕਰ ਤੁਸੀਂ ਵੀ ਆਪਣੀ ਆਮਦਨ ਦੇ ਆਧਾਰ 'ਤੇ ਖੁਦ ਦਾ ਨਿਰਣਾ ਕਰਦੇ ਹੋ ਤਾਂ ਕੋਈ ਸਮੱਸਿਆ ਖੜ੍ਹੀ ਹੋ ਸਕਦੀ ਹੈ, ਕਿਉਂਕਿ ਫਿਰ ਤੁਸੀਂ ਹਮੇਸ਼ਾ ਆਪਣੇ ਨਾਲੋਂ ਬਿਹਤਰ ਤਨਖਾਹ ਵਾਲੇ ਲੋਕ ਦੇਖਦੇ ਹੋ। ਇਸ ਲਈ ਇਹ ਜ਼ਰੂਰੀ ਹੈ ਕਿ ਸੱਚੇ ਰਿਸ਼ਤੇ ਹੋਣ ਜੋ ਤੁਹਾਨੂੰ ਦਰਸਾਉਂਦੇ ਹਨ। ਇਹ ਕੰਪਿਊਟਰ ਜਾਂ ਕਾਰ ਖਰੀਦਣ ਨਾਲੋਂ ਵਧੇਰੇ ਗੁੰਝਲਦਾਰ ਹੈ, ਪਰ ਇਹ ਬਿਲਕੁਲ ਉਹੀ ਹੈ ਜਿਸਦੀ ਲੋੜ ਹੈ। ਆਪਣਾ ਧਿਆਨ ਭਟਕਣ ਨਾ ਦਿਓ। ਹੋਰ ਸਮਾਂ ਆਉਂਦਾ ਹੈ ਜਿੰਨਾ ਜ਼ਿਆਦਾ ਤੁਸੀਂ ਸਮਾਰਟਫੋਨ, ਇੰਟਰਨੈੱਟ ਅਤੇ ਵੀਡੀਓ ਗੇਮਾਂ 'ਤੇ ਖਰਚ ਕਰੋਗੇ, ਮਹੱਤਵਪੂਰਨ ਕੰਮਾਂ ਲਈ ਓਨਾ ਹੀ ਘੱਟ ਸਮਾਂ ਬਚੇਗਾ। ਅਸੀਂ ਜਾਣਦੇ ਹਾਂ ਕਿ ਮਹਾਨਤਾ ਕਿੰਨੀ ਮਹੱਤਵਪੂਰਨ ਹੈ, ਪਰ ਇਹ ਰੋਜ਼ਾਨਾ ਦੀਆਂ ਭਟਕਣਾਵਾਂ ਦਇਆ ਅਤੇ ਸਹਿਯੋਗ ਦੀਆਂ ਭਾਵਨਾਵਾਂ ਨੂੰ ਤਬਾਹ ਕਰ ਦਿੰਦੀਆਂ ਹਨ। # ਆਧੁਨਿਕ ਜੀਵਨ ਵਿੱਚ, ਹਰ ਪਲ ਪੂਰੀ ਦੁਨੀਆ ਨਾਲ ਸੰਚਾਰ ਕਾਇਮ ਰੱਖਿਆ ਜਾ ਸਕਦਾ ਹੈ। ਪਰ, ਇਸ ਨਾਲ ਅਸੁਰੱਖਿਆ ਦੀ ਭਾਵਨਾ ਵਧ ਗਈ ਹੈ ਕਿਉਂਕਿ ਕੋਈ ਵੀ ਅਜਨਬੀ ਸਾਨੂੰ ਕਿਸੇ ਵੀ ਸਮੇਂ ਨੁਕਸਾਨ ਪਹੁੰਚਾ ਸਕਦਾ ਹੈ। ਤੁਸੀਂ ਇਸ ਬਾਹਰੀ ਡਰ ਨੂੰ ਘੱਟ ਕਰਨ ਲਈ ਬਹੁਤ ਕੁਝ ਨਹੀਂ ਕਰ ਸਕਦੇ, ਪਰ ਤੁਸੀਂ ਹਰ ਛੋਟੀ ਜਿਹੀ ਗੱਲ 'ਤੇ ਡਰਨ ਦੀ ਆਦਤ ਨੂੰ ਦੂਰ ਕਰ ਸਕਦੇ ਹੋ। ਆਪਣੇ ਅੰਦਰ ਸ਼ਾਂਤੀ ਅਨੁਭਵ ਕਰ ਸਕਦੇ ਹਨ। ਤਣਾਅ ਇੱਕ ਸਥਿਤੀ ਪ੍ਰਤੀ ਤੁਹਾਡੀ ਪ੍ਰਤੀਕ੍ਰਿਆ ਹੈ। ਪਰ ਤੁਹਾਡੇ ਅੰਦਰ ਤਣਾਅ ਮੁਕਤ ਰਹਿਣ ਦੀ ਸ਼ਕਤੀ ਹੈ। ਜਦੋਂ ਤੁਸੀਂ ਆਪਣੇ ਅੰਦਰਲੇ ਆਪ ਨੂੰ ਜਾਣਦੇ ਹੋ, ਤਾਂ ਬਾਹਰੀ ਤਣਾਅ ਤੁਹਾਨੂੰ ਪ੍ਰਭਾਵਿਤ ਨਹੀਂ ਕਰ ਸਕਦਾ ਕਿਉਂਕਿ ਤੁਸੀਂ ਜਾਣਦੇ ਹੋ ਕਿ ਆਪਣੀ ਊਰਜਾ ਕਿੱਥੇ ਲਗਾਉਣੀ ਹੈ। ਸਰੀਰਕ ਸਿਹਤ ਮਾਨਸਿਕ ਸਿਹਤ 'ਤੇ ਨਿਰਭਰ ਕਰਦੀ ਹੈ। ਲੋਕ ਅਕਸਰ ਬੀਮਾਰ ਹੋਣ ਤੋਂ ਬਾਅਦ ਇਲਾਜ ਵੱਲ ਧਿਆਨ ਦਿੰਦੇ ਹਨ। ਸਿਹਤ ਦੀ ਮਹੱਤਤਾ ਜਾਣਨ ਦੇ ਬਾਵਜੂਦ ਅਸੀਂ ਇਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਅਸਲ ਵਿਚ ਚੰਗੀ ਸਿਹਤ ਲਈ ਜਿੰਮ ਵਿਚ ਜ਼ਿਆਦਾ ਸਮਾਂ ਬਿਤਾਉਣ ਦੀ ਬਜਾਏ ਆਪਣੀ ਸੋਚ ਬਦਲਣ ਦੀ ਲੋੜ ਹੈ।, ਮਨ ਨੂੰ ਸਮਝਣਾ ਪਵੇਗਾ ਕਿ ਸਾਡਾ ਸਰੀਰ ਰੋਗ ਮੁਕਤ ਅਤੇ ਖੁਸ਼ ਰਹਿਣਾ ਚਾਹੁੰਦਾ ਹੈ।

# ਇਕ ਘਰ 'ਚੋਂ ਮਿਲੀਆਂ 4 ਲਾਸ਼ਾਂ,ਵਿਅਕਤੀ ਨੇ ਪਰਿਵਾਰ ਦਾ ਕਤਲ ਕਰਕੇ ਲਿਆ ਫਾਹਾ

ਲਖਨਊ, 11 ਦਸੰਬਰ (ਪੋਸਟ ਬਿਊਰੋ): ਉੱਤਰ ਪ੍ਰਦੇਸ਼ ਦੇ ਬਲੀਆ ਜ਼ਿਲ੍ਹੇ ਤੋਂ ਇੱਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ। ਇੱਥੇ ਇੱਕ ਹੀ ਘਰ ਵਿੱਚੋਂ ਚਾਰ ਲਾਸ਼ਾਂ ਬਰਾਮਦ ਹੋਈਆਂ ਹਨ। ਇਹ ਘਟਨਾ ਬਾਂਸਡੀਹ ਥਾਣਾ ਖੇਤਰ ਦੇ ਦੇਵਡੀਹ ਪਿੰਡ ਦੀ ਹੈ। ਪਰਿਵਾਰਕ ਝਗੜੇ ਤੋਂ ਤੰਗ ਆ ਕੇ ਇਕ ਵਿਅਕਤੀ ਨੇ ਆਪਣੀ ਪਤਨੀ ਅਤੇ ਦੋ ਬੱਚਿਆਂ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਖ਼ੁਦਕੁਸ਼ੀ ਕਰ ਲਈ।



ਪੁਲਸ ਨੇ ਦੱਸਿਆ,"ਅੰਕਿਤ ਰਾਮ ਨੇ ਦੱਸਿਆ ਹੈ ਕਿ ਮੇਰਾ ਜੀਜਾ ਸ਼ਰਵਣ ਰਾਮ (35 ਸਾਲ) ਮੇਰੀ ਭੈਣ ਸ਼ਸ਼ੀਕਲਾ ਨਾਲ ਕੁੱਟਮਾਰ ਕਰ ਰਿਹਾ ਹੈ। ਇਸ ਸੂਚਨਾ 'ਤੇ ਸਥਾਨਕ ਪੁਲਸ ਤੁਰੰਤ ਸ਼ਰਵਣ ਰਾਮ ਦੇ ਘਰ ਪਹੁੰਚੀ। ਜਾਂਚ ਕਰਨ 'ਤੇ ਸ਼ਰਵਣ ਰਾਮ ਦੀ ਪਤਨੀ ਸ਼ਸ਼ੀਕਲਾ ਦੀ ਲਾਸ਼,ਉਸ ਦੇ ਦੋ ਪੁੱਤਰ 7 ਸਾਲਾ ਸੂਰਿਆ ਰਾਉ ਅਤੇ 4 ਸਾਲਾ ਮਿੱਠੂ ਦੀ ਘਰ ਦੇ ਸਾਹਮਣੇ ਵਾਲੇ ਬਗੀਚੇ 'ਚ ਲਾਸ਼ਾਂ ਮਿਲੀਆਂ। ਉਨ੍ਹਾਂ ਦੀਆਂ ਲਾਸ਼ਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਗਿਆ ਦਿਖਾਈ ਦਿੱਤਾ। ਇਸ ਦੌਰਾਨ ਨੇੜੇ ਹੀ ਇੱਕ ਦਰੱਖਤ 'ਤੇ ਸ਼ਰਵਣ ਰਾਮ ਦੀ ਲਾਸ਼ ਫਾਹੇ ਨਾਲ ਲਟਕਦੀ ਮਿਲੀ।

ਪੁਲੀਸ ਅਨੁਸਾਰ ਜਦੋਂ ਫੀਲਡ ਯੂਨਿਟ ਨੇ ਮੌਕੇ ਦਾ ਮੁਆਇਨਾ ਕੀਤਾ ਤਾਂ ਸ਼ਰਵਣ ਰਾਮ ਦੀ ਜੇਬ ਵਿੱਚੋਂ ਇੱਕ ਸੁਸਾਈਡ ਨੋਟ ਵੀ ਬਰਾਮਦ ਹੋਇਆ। ਸੁਸਾਈਡ ਨੋਟ ਵਿੱਚ ਉਸ ਨੇ ਪਰਿਵਾਰਕ ਝਗੜੇ ਕਾਰਨ ਆਪਣੀ ਪਤਨੀ ਅਤੇ ਦੋ ਪੁੱਤਰਾਂ ਦਾ ਕਤਲ ਕਰਕੇ ਖ਼ੁਦਕੁਸ਼ੀ ਕਰਨ ਦੀ ਗੱਲ ਕਬੂਲੀ ਹੈ। ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਦੌਰਾਨ ਪਤਾ ਲੱਗਾ ਕਿ ਪਹਿਲਾਂ ਪਤੀ-ਪਤਨੀ ਦਾ ਝਗੜਾ ਅਦਾਲਤ ਤੱਕ ਚੱਲਿਆ ਸੀ ਪਰ ਡੇਢ ਸਾਲ ਪਹਿਲਾਂ ਆਪਸੀ ਸਮਝੌਤਾ ਹੋਣ ਤੋਂ ਬਾਅਦ ਸ਼ਸ਼ੀਕਲਾ ਆਪਣੇ ਸਹੁਰੇ ਘਰ ਵਾਪਸ ਆ ਗਈ ਸੀ। ਆਪਣੇ ਪਰਿਵਾਰ ਤੋਂ ਵੱਖ ਰਹਿ ਰਿਹਾ ਹੈ। ਹਾਲਾਂਕਿ ਇਸ ਤੋਂ ਬਾਅਦ ਵੀ ਦੋਵਾਂ ਵਿਚਾਲੇ ਝਗੜਾ ਹੁੰਦਾ ਰਿਹਾ। ਅੱਜ ਵੀ ਆਪਸ ਵਿੱਚ ਝਗੜਾ ਹੋ ਗਿਆ, ਜਿਸ ਤੋਂ ਬਾਅਦ ਇਹ ਘਟਨਾ ਵਾਪਰੀ। ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਹੋਰ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

# ਸੰਸਦ ਮੈਂਬਰ ਦੇ ਘਰੋਂ ਪੈਸੇ ਮਿਲਣ ਦਾ ਮਾਮਲਾ: ਹੁਣ ਹਵਾਲਾ ਸ਼ੈੱਲ ਕੰਪਨੀ ਨਾਲ ਜੁੜੇ ਪਹਿਲੂ ਦੀ ਵੀ ਹੋਵੇਗੀ ਜਾਂਚ

ਭੁਵਨੇਸ਼ਵਰ, 11 ਦਸੰਬਰ (ਪੋਸਟ ਬਿਊਰੋ): ਆਮਦਨ ਕਰ ਵਿਭਾਗ ਦੇ ਸੂਤਰਾਂ ਨੇ ਦੱਸਿਆ ਹੈ ਕਿ ਕਾਂਗਰਸੀ ਸੰਸਦ ਮੈਂਬਰ ਦੇ ਪਰਿਵਾਰ ਨਾਲ ਸਬੰਧਤ ਬੋਧ ਡਿਸਟਿਲਰੀਜ਼ ਦੀ ਤਲਾਸ਼ੀ ਦੌਰਾਨ 351 ਕਰੋੜ ਰੁਪਏ ਬਰਾਮਦ ਕੀਤੇ ਗਏ ਹਨ। 6 ਦਸੰਬਰ ਨੂੰ ਸ਼ੁਰੂ ਹੋਈ ਖੋਜ ਛੇਵੇਂ ਦਿਨ ਵੀ ਜਾਰੀ ਹੈ। ਸੋਮਵਾਰ ਨੂੰ ਵੀ ਕਰੀਬ ਸੱਤ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਆਮਦਨ ਕਰ ਵਿਭਾਗ ਮੁਤਾਬਕ ਛਾਪੇਮਾਰੀ ਤੋਂ ਬਾਅਦ ਕੁਝ 'ਪੰਚਨਾਮਿਆਂ' 'ਤੇ ਦਸਤਖਤ ਕੀਤੇ ਜਾਣੇ ਹਨ। ਇਸ ਤੋਂ ਬਾਅਦ ਸਬੰਧਤ ਗਵਾਹਾਂ ਦੇ ਬਿਆਨ ਦਰਜ ਕੀਤੇ ਜਾਣਗੇ। ਵਿਭਾਗ ਨੇ ਕਿਹਾ ਕਿ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਖੋਜ ਜਲਦੀ ਖਤਮ ਹੋਣ ਦੀ ਉਮੀਦ ਹੈ।



ਧਿਆਨ ਯੋਗ ਹੈ ਕਿ ਉੜੀਸਾ ਅਤੇ ਝਾਰਖੰਡ ਵਿੱਚ ਸੰਸਦ ਮੈਂਬਰ ਦੇ 25 ਟਿਕਾਣਿਆਂ ਦੀ ਤਲਾਸ਼ੀ ਲਈ ਗਈ ਸੀ। ਰਿਪੋਰਟਾਂ ਮੁਤਾਬਕ ਇਹ ਡਿਸਟਿਲਰੀ ਕੰਪਨੀ ਕਾਂਗਰਸ ਦੇ ਇੱਕ ਸੰਸਦ ਮੈਂਬਰ ਦੇ ਪਰਿਵਾਰ ਦੀ ਹੈ। ਇਨਕਮ ਟੈਕਸ ਅਧਿਕਾਰੀਆਂ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ 351 ਕਰੋੜ ਰੁਪਏ ਦੀ ਨਕਦੀ ਜ਼ਬਤ ਕੀਤੀ ਗਈ ਹੈ, ਜੋ ਹੁਣ ਤੱਕ ਦਾ ਸਭ ਤੋਂ ਵੱਧ ਹੈ। ਪੰਜ ਦਿਨਾਂ ਤੱਕ ਚੱਲੀ ਮੈਰਾਥਨ ਗਿਣਤੀ ਐਤਵਾਰ ਨੂੰ ਭਾਰੀ ਮਾਤਰਾ ਵਿੱਚ ਨਕਦੀ ਬਰਾਮਦ ਹੋਣ ਤੋਂ ਬਾਅਦ ਸਮਾਪਤ ਹੋ ਗਈ। ਕਿਸੇ ਵੀ ਕੇਂਦਰੀ ਏਜੰਸੀ (ਸੀਬੀਆਈ-ਈਡੀ ਅਤੇ ਇਨਕਮ ਟੈਕਸ) ਨੇ ਇੱਕ ਕਾਰਵਾਈ ਵਿੱਚ ਇੰਨੀ ਨਕਦੀ ਜ਼ਬਤ ਨਹੀਂ ਕੀਤੀ ਹੈ।

# ਜ਼ਿਲ੍ਹੇ ਵਿਚੋਂ ਸ਼ਰਧਾਲੂਆਂ ਦਾ ਪਹਿਲਾ ਜੱਥਾ ਭਲਕੇ ਅੰਮ੍ਰਿਤਸਰ ਲਈ ਰਵਾਨਾ ਹੋਵੇਗਾ

ਮੋਹਾਲੀ, 11 ਦਸੰਬਰ (ਪੋਸਟ ਬਿਊਰੋ):ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਜ਼ਲ੍ਹਿ ਚੋਂ 43 ਸ਼ਰਧਾਲੂਆਂ ਦਾ ਪਹਿਲਾ ਜੱਥਾ ਭਲਕੇ (ਮੰਗਲਵਾਰ) ਮੋਹਾਲੀ ਸਬ ਡਵੀਜ਼ਨ ਦੇ ਪਿੰਡ ਝਾਮਪੁਰ ਦੇ ਗੁਰਦੁਆਰਾ ਸਾਹਿਬ ਤੋਂ ਅੰਮ੍ਰਿਤਸਰ-ਤਲਵੰਡੀ ਸਾਬੋ ਧਾਰਮਿਕ ਸਰਕਟ ਦੇ ਦਰਸ਼ਨਾਂ ਲਈ ਰਵਾਨਾ ਹੋਵੇਗਾ।

ਸੋਮਵਾਰ ਨੂੰ ਜ਼ਲ੍ਹਿਾ ਪ੍ਰਬੰਧਕੀ ਕੰਪਲੈਕਸ ਐਸ.ਏ.ਐਸ.ਨਗਰ ਮੋਹਾਲੀ ਵਿਖੇ ਸਬੰਧਤ ਅਧਿਕਾਰੀਆਂ ਨਾਲ ਤਿਆਰੀਆਂ ਸਬੰਧੀ ਰੱਖੀ ਗਈ ਸਮੀਖਿਆ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸ਼ਰਧਾਲੂਆਂ ਦੀ ਸੁਰੱਖਿਅਤ ਅਤੇ ਨਿਰਵਿਘਨ ਯਾਤਰਾ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਬੱਸ ਵਿੱਚ ਸਵਾਰ ਹੋਣ ਤੋਂ ਪਹਿਲਾਂ ਸ਼ੁਰੂਆਤੀ ਥਾਂ 'ਤੇ ਸਿਹਤ ਟੀਮ ਤਾਇਨਾਤ ਕਰਕੇ ਸਾਰੇ ਸ਼ਰਧਾਲੂਆਂ ਦੀ ਸਿਹਤ ਦੀ ਜਾਂਚ ਕੀਤੀ ਜਾਵੇ। ਬੱਸ ਰਾਜ ਟਰਾਂਸਪੋਰਟ ਵਿਭਾਗ ਵੱਲੋਂ ਮੁਹੱਈਆ ਕਰਵਾਈ ਗਈ ਹੈ।

ਉਨ੍ਹਾਂ ਸਕੱਤਰ, ਰੀਜਨਲ ਟਰਾਂਸਪੋਰਟ ਅਥਾਰਟੀ, ਐਸ.ਏ.ਐਸ.ਨਗਰ ਨੂੰ ਲੋਕਾਂ ਦੇ ਸੁਰੱਖਿਅਤ ਸਫ਼ਰ ਲਈ ਚੰਗੀ ਹਾਲਤ ਵਾਲੇ ਵਾਹਨ ਦਾ ਪ੍ਰਬੰਧ ਕਰਨ ਲਈ ਕਿਹਾ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਸ਼ਰਧਾਲੂ ਭਲਕੇ ਰਾਤ ਅੰਮ੍ਰਿਤਸਰ ਵਿਖੇ ਰੁਕਣਗੇ ਅਤੇ ਅਗਲੀ ਸਵੇਰ ਤਲਵੰਡੀ ਸਾਬੋ ਲਈ ਰਵਾਨਾ ਹੋਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਰਾਜ ਸਰਕਾਰ ਵੱਲੋਂ ਮੁਫਤ ਕੀਤਾ ਜਾਵੇਗਾ। ਉਨ੍ਹਾਂ ਜ਼ਲ੍ਹਿੇ ਵਿੱਚ ਪਹਿਲੀ ਯਾਤਰਾ ਨੂੰ ਸੁਚਾਰੂ ਢੰਗ ਨਾਲ ਸ਼ੁਰੂ ਕਰਨ 'ਤੇ ਜ਼ੋਰ ਦਿੱਤਾ ਅਤੇ ਸਥਾਨਕ ਐਸ.ਡੀ.ਐਮ ਚੰਦਰਜੋਤ ਸਿੰਘ ਨੂੰ ਸਾਰੇ ਪ੍ਰਬੰਧ ਅਗਾਊਂ ਸੰਭਾਲਣ ਲਈ ਕਿਹਾ।









## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉੱਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ।
ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090,
ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com













**Dr. Randhawa Dentistry**

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
DENTISTRY
Squire Ellis Dr
Gore Rd
Countryside Dr



**Grand Upholstery Ltd**

**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ **L Shape** ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



**72 hours.**

One thing you can't live without.

Internet?
Cell phone?
Television?



Tap water?

Tap water - safe, reliable, and high quality.

peelregion.ca/fp

Peel Region
working with you



LOCAL & LONG DISTANCE MOVING

**H.K. MOVERS**

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate of Excellence THREE BEST RATED

SAFE, RELIABLE AND EFFICIENT SERVICE AT THE BEST RATES










FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017